NYC Housing Connect

ਆਮਦਨੀ ਗਾਈਡ

ਕਿਫਾਇਤੀ ਰਿਹਾਇਸ਼ ਲਈ ਅਰਜ਼ੀ ਦੇਣਾ:

ਬਿਨੈਕਾਰ ਆਮਦਨੀ ਗਾਈਡ

ਇਸ ਗਾਈਡ ਬਾਰੇ

ਤੁਹਾਡੀ ***ਆਮਦਨੀ*** ਤੁਹਾਡੀ ਕਿਫਾਇਤੀ ਰਿਹਾਇਸ਼ ਲਈ ਅਰਜ਼ੀ ਦਾ ਮਹੱਤਵਪੂਰਨ ਭਾਗ ਹੈ।

ਇਹ ਗਾਈਡ ਦਿਖਾਉਂਦੀ ਹੈ ਕਿ ਕਿਫਾਇਤੀ ਰਿਹਾਇਸ਼ ਲਈ ਤੁਹਾਡੀ ਆਮਦਨੀ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ।

ਇਹ ਕੋਈ ਘਰ ਲਈ ਅਰਜ਼ੀ ਨਹੀਂ ਹੈ। ਇਹ ਤੁਹਾਨੂੰ ਇਹ ਨਹੀਂ ਦੱਸੇਗੀ ਕਿ ਕੀ ਤੁਹਾਨੂੰ ਅਪਾਰਟਮੈਂਟ ਮਿਲੇਗਾ। ਪਰ ਇਹ ਤੁਹਾਡੀ ਆਮਦਨੀ ਬਾਰੇ ਬਿਲਕੁਲ ਸਹੀ ਜਵਾਬ ਦੇਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ।

ਜੇ ਤੁਹਾਨੂੰ ***ਤੁਹਾਡੀ ਯੋਗਤਾ ਦੀ ਪੁਸ਼ਟੀ ਕਰਨ ਲਈ ਅਪਾਇੰਟਮੈਂਟ***, ਲਈ ਸੱਦਾ ਦਿੱਤਾ ਗਿਆ ਹੈ, ਤਾਂ ਤੁਹਾਨੂੰ ਆਪਣੀ ਅਰਜ਼ੀ ਤੇ ਦਿੱਤੀ ਸਾਰੀ ਜਾਣਕਾਰੀ ਦੀ ਪੁਸ਼ਟੀ ਕਰਨ ਲਈ ਦਸਤਾਵੇਜ਼ ਲਿਆਉਣੇ ਪੈਣਗੇ।

ਮੋਟੇ ਤਿਰਛੇ ***ਅੱਖਰਾਂ*** ਨੂੰ ਪੰਨਾ 10 ਤੇ, "ਉਪਯੋਗੀ ਸ਼ਬਦ" ਵਿੱਚ ਸਮਝਾਇਆ ਗਿਆ ਹੈ।

ਅੰਦਰ:

ਆਮਦਨੀ ਕੀ ਹੈ? 2
ਕਿ ਹੜੀ ਆਮਦਨੀ ਨੂੰ ਸ਼ਾਮਲ ਕੀਤਾ ਜਾਂਦਾ ਹੈ? 3
ਰੁਜ਼ਗਾਰ ਤੋਂ ਆਮਦਨੀ 4
ਸਵੈ-ਰੁਜ਼ਗਾਰ ਤੋਂ ਆਮਦਨੀ 5
ਹੋਰ ਸਰੋਤਾਂ ਤੋਂ ਆਮਦਨੀ 7
ਆਮਦਨੀ ਜੋ ਸ਼ਾਮਲ ਨਹੀਂ ਹੁੰਦੀ 8
ਅਕਸਰ ਪੁੱਛੇ ਜਾਣ ਵਾਲੇ ਸਵਾਲ 9
ਉਪਯੋਗੀ ਸ਼ਬਦ 10

ਖੰਡਨ: ਇਸ ਦਸਤਾਵੇਜ਼ ਦੀ ਮੰਸ਼ਾ ਕੇਵਲ ਆਮ ਜਾਣਕਾਰੀ ਦੇਣਾ ਹੈ। ਇਸ ਦੀ ਸਮੱਗਰੀ HUD ਆਕੂਪੈਂਸੀ ਹੈਂਡਬੁੱਕ 4350.3 ਅਤੇ HPD ਅਤੇ HDC ਮਾਰਕਿਟਿੰਗ ਦਿਸ਼ਾ-ਨਿਰਦੇਸ਼ਾਂ ਤੇ ਅਧਾਰਿਤ ਹੈ। ਆਮਦਨੀ ਦੀਆਂ ਉਦਾਹਰਨਾਂ ਸਾਰੀਆਂ ਸੰਭਾਵੀ ਵਿੱਤੀ ਪਰਿਸਥਿਤੀਆਂ ਨੂੰ ਬਿਆਨ ਨਹੀਂ ਕਰਦੀਆਂ ਹਨ।

ਆਮਦਨੀ ਕੀ ਹੈ?

ਕੀ ਤੁਸੀਂ ਇਨ੍ਹਾਂ ਤੋਂ ਪੈਸੇ ਪ੍ਰਾਪਤ ਕਰਦੇ ਹੋ..

- ਇੱਕ ਨੌਕਰੀ, ਜਾਂ ਇੱਕ ਤੋਂ ਜ਼ਿਆਦਾ ਨੌਕਰੀਆਂ?
- ਆਪਣੇ ਖੁਦ ਲਈ ਕੰਮ ਕਰਕੇ?

  ਉਦਾਹਰਨਾਂ: ਟੈਕਸੀ ਡਰਾਈਵਰ, ਵਾਲਾਂ ਦਾ ਸਟਾਈਲਿਸਟ, ਫ੍ਰਿਲਾਂਸ ਕਲਾਕਾਰ
- ***ਨਿਯਮਿਤ ਆਧਾਰ*** ਤੇ, ਹੋਰ ਸਰੋਤ?

  ਉਦਾਹਰਨਾਂ: ਬੱਚਿਆਂ ਲਈ ਸਹਾਇਤਾ, ਬੇਰੁਜ਼ਗਾਰੀ ਫਾਇਦੇ, ਅਨੁਪੂਰਕ ਸੁਰੱਖਿਆ ਆਮਦਨੀ (SSI), ਪੈਨਸ਼ਨ

ਇਹ ਪੈਸਾ ਤੁਹਾਡੀ ***ਆਮਦਨੀ*** ਹੈ। ***ਕਫਾਇਤੀ ਰਿਹਾਇਸ਼*** ਲਈ ਅਰਜ਼ੀ ਦੇਣ ਲਈ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਤੁਹਾਨੂੰ ਕਿੰਨੀ ਆਮਦਨੀ ਮਿਲਦੀ ਹੈ।

ਆਮਦਨੀ ਦੀ ਗਣਨਾ ਕਰਨ ਦੇ ਚਰਨ:

1 **ਆਪਣੀ ਆਮਦਨੀ ਦੇ ਸਾਰੇ ਸਰੋਤਾਂ ਦੀ ਪਛਾਣ ਕਰੋ।**

ਰੁਜ਼ਗਾਰ ਤੋਂ ਆਮਦਨੀ (ਪੰਨਾ 4)

ਸਵੈ-ਰੁਜ਼ਗਾਰ ਤੋਂ ਆਮਦਨੀ (ਪੰਨਾ 5)

ਹੋਰ ਸਰੋਤਾਂ ਤੋਂ ਆਮਦਨੀ (ਪੰਨਾ 7)

2 **ਵੇਤਨ ਨੂੰ ਪੂਰੇ ਸਾਲ ਦੇ ਵੇਤਨ ਵਿੱਚ ਬਦਲੋ।***

ਟੈਕਸ ਅਤੇ ਹੋਰ ਕਟੌਤੀਆਂ ਕਰਨ ਤੋਂ ਪਹਿਲਾਂ ਰੁਜ਼ਗਾਰਦਾਤਾ ਤੋਂ ਪ੍ਰਤੀ ਘੰਟਾ ਵੇਤਨ

ਤਨਖਾਹ ਪਰਚੀ ਤੇ ਕੁੱਲ ਆਮਦਨੀ (ਹਰ ਹਫਤੇ, ਹਰ ਦੋ ਹਫਤਿਆਂ ਬਾਅਦ ਤਨਖਾਹ ਮਿਲਦੀ ਹੈ, ਆਦਿ)

ਸਵੈ-ਰੁਜ਼ਗਾਰ ਤੋਂ ਕਮਾਏ ਪੈਸੇ ਨੂੰ **ਸ਼ੁੱਧ ਆਮਦਨੀ ਵਜੋਂ ਗਿਣਿਆ ਜਾਣਾ ਚਾਹੀਦਾ ਹੈ, ਜੋ ਕਿ ਕਾਰੋਬਾਰ ਦੇ ਅਤੇ ਹੋਰ ਖਰਚਿਆਂ ਨੂੰ ਘਟਾਉਣ ਤੋਂ ਬਾਅਦ ਦੀ ਰਾਸ਼ੀ ਹੁੰਦੀ ਹੈ।*

3 **ਆਪਣੀ ਕੁੱਲ *ਸਾਲਾਨਾ ਆਮਦਨੀ* ਨੂੰ ਪ੍ਰਾਪਤ ਕਰਨ ਲਈ ਸਾਰੇ ਸਰੋਤਾਂ ਤੋਂ ਆਮਦਨੀਆਂ ਨੂੰ ਜੋੜੋ।**

ਵੱਖ-ਵੱਖ ਤਰੀਕੇ ਹਨ ਜਿਨ੍ਹਾਂ ਰਾਹੀਂ ਤੁਹਾਨੂੰ ਆਮਦਨੀ ਹੋ ਸਕਦੀ ਹੈ।

ਕੁਝ ਉਦਾਹਰਨਾਂ ਹਨ:

- ਹਰ 2 ਹਫਤਿਆਂ ਬਾਅਦ ਤਨਖਾਹ ਦਾ ਚੈੱਕ
- ਹਰ ਸ਼ਿਫਟ ਤੇ ਨਕਦੀ ਟਿਪ
- ਕਿਸੇ ਵੀ ਕਿਸਮ ਦਾ ਹਫਤਾਵਾਰ ਜਾਂ ਮਾਸਿਕ ਭੁਗਤਾਨ, ਜਿਵੇਂ ਕਿ ਬੱਚਿਆਂ ਲਈ ਸਹਾਇਤਾ, ਪੈਨਸ਼ਨ, ਜਾਂ ਬੇਰੁਜ਼ਗਾਰੀ ਫਾਇਦੇ
- ਹਰ ਸਾਲ ਛੁੱਟੀ ਦਾ ਬੋਨਸ

ਆਮਦਨੀ ਨੂੰ ਵੱਖ-ਵੱਖ ਨਾਮ ਦਿੱਤੇ ਜਾ ਸਕਦੇ ਹਨ।

ਕੁਝ ਉਦਾਹਰਨਾਂ ਹਨ:

- ਤਨਖਾਹ
- ਉਜਰਤ
- ਕਮਾਈਆਂ
- ਭੁਗਤਾਨ

ਇਹ ਸਾਰਾ ਪੈਸਾ ***ਆਮਦਨੀ*** ਹੈ। ਤੁਹਾਨੂੰ ਇਸ ਨੂੰ ਆਪਣੀ ਕਿਫਾਇਤੀ ਰਿਹਾਇਸ਼ ਦੀ ਅਰਜ਼ੀ ਵਿੱਚ ਸ਼ਾਮਲ ਕਰਨ ਦੀ ਲੋੜ ਹੋਵੇਗੀ। ਜੇ ਤੁਸੀਂ ਕਿਫਾਇਤੀ ਰਿਹਾਇਸ਼ ਲਈ ***ਆਪਣੀ ਯੋਗਤਾ ਦੀ ਪੁਸ਼ਟੀ ਕਰਨ ਲਈ ਅਪਾਇੰਟਮੈਂਟ*** ਤੇ ਜਾਂਦੇ ਹੋ, ਤਾਂ ਤੁਹਾਨੂੰ ਆਪਣੀ ਆਮਦਨੀ ਦੀ ਪੁਸ਼ਟੀ ਕਰਨ ਲਈ ਦਸਤਾਵੇਜ਼ਾਂ ਨੂੰ ਨਾਲ ਲਿਆਉਣਾ ਪਵੇਗਾ।

ਯਾਦ ਰੱਖੋ

ਇਸ ਪੂਰੀ ਗਾਈਡ ਵਿੱਚ, ***ਮੋਟੇ ਤਿਰਛੇ*** ਸ਼ਬਦਾਂ ਬਾਰੇ ਹੋਰ ਜਾਣਕਾਰੀ ਤੁਹਾਨੂੰ ਪੰਨਾ 10 ਤੇ, "ਉਪਯੋਗੀ ਸ਼ਬਦ" ਮਿਲ ਸਕਦੀ ਹੈ।

ਕਿ ਹੜੀ ਆਮਦਨੀ ਨੂੰ ਸ਼ਾਮਲ ਕੀਤਾ ਜਾਂਦਾ ਹੈ?

ਕਹਿੜੀ ਆਮਦਨੀ ਨੂੰ ਸ਼ਾਮਲ ਕੀਤਾ ਜਾਂਦਾ ਹੈ?

ਕਿਫਾਇਤੀ ਰਿਹਾਇਸ਼ ਲਈ ਅਰਜ਼ੀ ਤੇ ਮੁੱਖ 3 ਕਿਸਮ ਦੀਆਂ ਆਮਦਨੀਆਂ ਹੁੰਦੀਆਂ ਹਨ।

1. ਰੁਜ਼ਗਾਰ ਤੋਂ ਆਮਦਨੀ



ਉਹ ਪੈਸਾ ਜੋ ਤੁਹਾਨੂੰ ਰੁਜ਼ਗਾਰਦਾਤਾ ਨੇ ਦਿੱਤਾ ਹੈ। ਇਸ ਵਿੱਚ, ਟਿਪ, ਬੋਨਸ, ਓਵਰਟਾਈਮ ਅਤੇ ਦੂਸਰੀ ਤਰ੍ਹਾਂ ਦੀ ਅਦਾਇਗੀ ਸ਼ਾਮਲ ਹੈ। ਜੇ ਤੁਹਾਨੂੰ W-2 ਟੈਕਸ ਫਾਰਮ ਮਿਲਦਾ ਹੈ, ਤਾਂ ਉਹ ਪੈਸਾ ***ਰੁਜ਼ਗਾਰ ਤੋਂ ਆਮਦਨੀ*** ਹੁੰਦੀ ਹੈ।

ਅਰਜ਼ੀ ਤੇ, ਟੈਕਸ ਅਤੇ ਹੋਰ ਕਟੌਤੀਆਂ ਕਰਨ ਤੋਂ ਪਹਿਲਾਂ **(*ਕੁੱਲ ਆਮਦਨੀ*) ਨੂੰ ਸ਼ਾਮਲ ਕਰੋ।**

ਉਦਾਹਰਨ ਲਈ:

- ਸਾਲਾਨਾ ਤਨਖਾਹ
- ***ਨਿਯਮਿਤ ਆਧਾਰ*** ਤੇ ਦਿੱਤੀਆਂ ਗਈਆਂ ਉਜਰਤਾਂ, ਨਗਦੀ ਸਮੇਤ
  ਉਦਾਹਰਨਾਂ: ਹਫਤਾਵਾਰ • ਹਰ 2 ਹਫਤਿਆਂ ਬਾਅਦ • ਮਹੀਨੇ ਵਿੱਚ ਦੋ ਵਾਰ • ਮਾਸਿਕ
- ***ਕਦੇ-ਕਦਾਈਂ ਜਾਂ ਸੰਯੋਗਿਕ*** ਰੁਜ਼ਗਾਰਦਾਤਾ ਲਈ ਕੰਮ ਕਰਨਾ
  ਉਦਾਹਰਨਾਂ: ਕੈਟਰਿੰਗ ਕੰਪਨੀ ਲਈ ਵੀਕੇਂਡ ਨੌਕਰੀ • ਹਸਪਤਾਲ ਜਾਂ ਏਜੰਸੀ ਲਈ ਦੈਨਿਕ (ਰੋਜ਼ਾਨਾ) ਸਿਹਤਸੰਭਾਲ ਨੌਕਰੀਆਂ
- ਮਿਆਦੀ ਕੰਮ
  ਉਦਾਹਰਨਾਂ: ਛੁੱਟੀ ਦੇ ਮੌਸਮ ਵਿੱਚ ਰਿਟੇਲ • ਛੱਤ ਬਣਾਉਣ ਵਾਲੀ ਕੰਪਨੀ ਲਈ ਗਰਮੀਆਂ ਵਿੱਚ ਕੰਮ ਕਰਨਾ
- ਟਿਪ (ਬਖਸ਼ੀਸ਼)
- ਛੁੱਟੀ ਲਈ ਤਨਖਾਹ
- ਓਵਰਟਾਈਮ
- ਬੋਨਸ ਅਤੇ ਕਮਿਸ਼ਨ ਜੋ ਤੁਹਾਨੂੰ ਨਿਯਮਿਤ ਤੌਰ ਤੇ ਮਿਲਦੇ ਹਨ

---

2. ਸਵੈ-ਰੁਜ਼ਗਾਰ ਤੋਂ ਆਮਦਨੀ

ਆਪਣੇ ਖੁਦ ਲਈ ਕੰਮ ਕਰਕੇ, ਫ੍ਰੀਲਾਂਸਿੰਗ ਤੋਂ ਜਾਂ ਸੁਤੰਤਰ ਠੇਕੇਦਾਰ ਹੋਣ ਵਜੋਂ, ਸਾਰੇ ਸਾਲ ਵਿੱਚ ਤੁਹਾਨੂੰ ਮਿਲਿਆ ਪੈਸਾ।

ਅਰਜ਼ੀ ਤੇ, ਕਾਰੋਬਾਰ ਦੇ ਅਤੇ ਹੋਰ ਕਟੌਤੀਆਂ ਨੂੰ ਘਟਾਉਣ ਤੋਂ ਬਾਅਦ **(*ਸ਼ੁੱਧ ਆਮਦਨੀ*) ਨੂੰ ਸ਼ਾਮਲ ਕਰੋ।**

ਉਦਾਹਰਨ ਲਈ:

- ਆਪਣੀ ਟੈਕਸ ਰਿਟਰਨ ਤੇ "ਵਪਾਰਕ ਆਮਦਨੀ (ਜਾਂ ਨੁਕਸਾਨ)"
- ਆਪਣੇ ਖੁਦ ਦੇ ਕਾਰੋਬਾਰ ਦੀ ਮਾਲਕੀਅਤ ਤੋਂ ਆਮਦਨੀ
- ਫ੍ਰੀਲਾਂਸਿੰਗ
  ਉਦਾਹਰਨਾਂ: ਲੇਖਕ ਜਾਂ ਕਲਾਕਾਰ ਜਿਨ੍ਹਾਂ ਨੂੰ ਗਾਹਕ ਸਿੱਧਾ ਭੁਗਤਾਨ ਕਰਦੇ ਹਨ
- ਇੱਕ ਸੁਤੰਤਰ ਠੇਕੇਦਾਰ ਜਾਂ ਸਲਾਹਕਾਰ ਹੋਣ ਵਜੋਂ
- ਇੱਕ ਸੁਤੰਤਰ ਸੇਵਾ ਪ੍ਰਦਾਤਾ ਹੋਣ ਵਜੋਂ
  ਉਦਾਹਰਨਾਂ: ਟੈਕਸੀ ਡਰਾਈਵਰ ਜਿਸ ਕੋਲ ਟੈਕਸੀ ਹੈ/ਕਿਰਾਏ ਤੇ ਹੈ • ਵਾਲਾਂ ਦਾ ਸਟਾਈਲਿਸਟ ਜਿਸ ਨੇ ਸੈਲੂਨ ਵਿੱਚ ਜਗ੍ਹਾ ਕਿਰਾਏ ਤੇ ਲਈ ਹੈ
- ਆਪਣੇ ਖੁਦ ਲਈ ਮਿਆਦੀ ਜਾਂ ਕਦੇ-ਕਦਾਈਂ ਕੰਮ ਕਰਨਾ
  ਉਦਾਹਰਨਾਂ: ਘਰ ਸਾਫ ਕਰਨ ਵਾਲੇ ਨੂੰ ਮਾਲਕ ਸਿੱਧਾ ਪੈਸੇ ਦਿੰਦਾ ਹੈ • ਗਰਮੀਆਂ ਵਿੱਚ ਆਪਣਾ ਖੁਦ ਦਾ ਕੈਟਰਿੰਗ ਕਾਰੋਬਾਰ ਚਲਾਉਣਾ

---

3. ਹੋਰ ਸਰੋਤਾਂ ਤੋਂ ਆਮਦਨੀ

ਉਹ ਸਾਰਾ ਪੈਸਾ ਜੋ ਤੁਹਾਨੂੰ ਸਾਲ ਵਿੱਚ ਨਿਯਮਿਤ ਤੌਰ ਤੇ ਮਿਲਦਾ ਹੈ, ਪਰ ਕੰਮ ਤੋਂ ਨਹੀਂ ਹੈ। ਉਦਾਹਰਨ ਲਈ: ਬੱਚਿਆਂ ਲਈ ਸਹਾਇਤਾ, ਸਮਾਜਿਕ ਸੁਰੱਖਿਆ, ਬੇਰੁਜ਼ਗਾਰੀ ਬੀਮਾ, ਜਾਂ ਵਿਆਜ਼ ਦੇ ਭੁਗਤਾਨ।

ਅਰਜ਼ੀ ਤੇ, ਹੋਰ ਸਰੋਤਾਂ ਤੋਂ ਆਮਦਨੀ ਨੂੰ ਕੇਵਲ ਤਾਂ ਹੀ ਸ਼ਾਮਲ ਕਰੋ ਜੇ ਤੁਹਾਨੂੰ ਇਹ ***ਨਿਯਮਿਤ ਆਧਾਰ*** ਤੇ ਮਿਲਦੀ ਹੈ (ਸਪਤਾਹਿਕ, ਮਾਸਿਕ, ਸਾਲਾਨਾ, ਆਦਿ)।

ਉਦਾਹਰਨ ਲਈ:

- ਨਿਰਵਾਹ-ਧਨ (ਏਲਮੋਨੀ)
- ਸਾਲਾਨਾ ਭੁਗਤਾਨ (ਐਨੂਇਟੀ)
- ਸਸ਼ਤਰ ਸੇਨਾਵਾਂ ਰਿਜ਼ਰਵਸ
- ਬੱਚਿਆਂ ਲਈ ਸਹਾਇਤਾ
- ਡਿਵੀਡੈਂਡ (ਲਾਭਾਂਸ਼)
- ਅਪੰਗਤਾ ਬੀਮਾ
- ***ਗਿਫਟ (ਉਪਹਾਰ) ਤੋਂ ਆਮਦਨੀ***
- ***ਸੰਪਤੀਆਂ ਤੋਂ ਵਿਆਜ਼***
- ਪੈਨਸ਼ਨ
- ਜਨਤਕ ਸਹਾਇਤਾ (Public Assistance, PA)
- ਰੈਂਟਲ ਪ੍ਰਾਪਰਟੀ (ਕਿਰਾਏ ਤੋਂ) ਆਮਦਨੀ
- ਸਮਾਜਿਕ ਸੁਰੱਖਿਆ ਜਾਂ SSI
- ਬੇਰੁਜ਼ਗਾਰੀ ਫਾਇਦੇ
- ਵੈੱਲਫੇਅਰ ਸਹਾਇਤਾ
- ਕਰਮੀਆਂ ਨੂੰ ਮੁਆਵਜ਼ਾ

ਰੁਜ਼ਗਾਰ ਤੋਂ ਆਮਦਨੀ

1. ਰੁਜ਼ਗਾਰ ਤੋਂ ਆਮਦਨੀ

ਰੁਜ਼ਗਾਰ ਤੋਂ ਆਮਦਨੀ ਉਹ ਹੈ ਜੋ ਤੁਸੀਂ ਕਿਸੇ ਨੌਕਰੀ ਤੋਂ ਕਮਾਉਂਦੇ ਹੋ। ਇਹ ਉਹ ਹੈ ਜੋ ਰੁਜ਼ਗਾਰਦਾਤਾ ਤੁਹਾਨੂੰ ਦਿੰਦਾ ਹੈ, ਟੈਕਸ ਅਤੇ ਹੋਰ ਕਟੌਤੀਆਂ ਕਰਨ ਤੋਂ ਪਹਿਲਾਂ (***ਕੁੱਲ ਆਮਦਨੀ***)। ਆਪਣੀ ਅਰਜ਼ੀ ਤੇ, ਪੂਰੇ ਸਾਲ ਦੀ ਰਾਸ਼ੀ ਸ਼ਾਮਲ ਕਰੋ (***ਸਾਲਾਨਾ ਆਮਦਨੀ***)। ਆਪਣੇ ਖੁਦ ਦੇ ਕਾਰੋਬਾਰ ਤੋਂ ਆਮਦਨੀ ਬਾਰੇ ਹੋਰ ਜਾਣਨ ਲਈ, ਪੰਨਾ 5 ਤੇ, "ਸਵੈ-ਰੁਜ਼ਗਾਰ ਤੋਂ ਆਮਦਨੀ" ਤੇ ਜਾਓ।

ਕੀ ਤੁਹਾਡੀ, ਜਾਂ ਕਿਸੇ ਵਿਅਕਤੀ ਦੀ ਜਿਨ੍ਹਾਂ ਨਾਲ ਤੁਸੀਂ ਰਹੋਗੇ, ਇਨ੍ਹਾਂ ਤੋਂ ਕੋਈ ਆਮਦਨੀ ਹੈ..?

- ☐ ਸਾਲਾਨਾ ਤਨਖਾਹ
- ☐ ਪ੍ਰਤੀ ਘੰਟਾ, ਰੋਜ਼ਾਨਾ, ਜਾਂ ਸਪਤਾਹਿਕ ਵੇਤਨ
- ☐ ਨਗਦੀ ਵਿੱਚ ਭੁਗਤਾਨ ਹੁੰਦਾ ਹੈ
- ☐ ਟਿਪ (ਬਖਸ਼ੀਸ਼)
- ☐ ***ਕਦੇ-ਕਦਾਈਂ ਜਾਂ ਸੰਯੋਗਿਕ*** ਰੁਜ਼ਗਾਰਦਾਤਾ ਲਈ ਕੰਮ ਕਰਨਾ
  ਉਦਾਹਰਨਾਂ: ਕੈਟਰਿੰਗ ਕੰਪਨੀ ਲਈ ਕੰਮ ਕਰਨਾ • ਹਸਪਤਾਲ ਜਾਂ ਏਜੰਸੀ ਦੈਨਿਕ (ਰੋਜ਼ਾਨਾ) ਸਿਹਤਸੰਭਾਲ ਨੌਕਰੀਆਂ
- ☐ ਮਿਆਦੀ ਕੰਮ
  ਉਦਾਹਰਨਾਂ: ਛੁੱਟੀ ਵਿੱਚ ਮਿਆਦੀ ਰਿਟੇਲ • ਛੱਤ ਬਣਾਉਣ ਵਾਲੀ ਕੰਪਨੀ ਲਈ ਗਰਮੀਆਂ ਵਿੱਚ ਕੰਮ ਕਰਨਾ
- ☐ ਛੁੱਟੀ ਲਈ ਤਨਖਾਹ, ਓਵਰਟਾਈਮ, ਬੋਨਸ ਜਾਂ ਕਮਿਸ਼ਨ

ਇਹ ***ਰੁਜ਼ਗਾਰ ਤੋਂ ਆਮਦਨੀ ਦੇ ਸਰੋਤ ਹਨ।*** ਜੇ ਤੁਸੀਂ ਇਨ੍ਹਾਂ ਵਿਚੋਂ ਕਿਸੇ ਨੂੰ ਹਾਂ ਕਹਿੰਦੇ ਹੋ, ਤਾਂ ਆਪਣੀ ਅਰਜ਼ੀ ਦੇ "ਰੁਜ਼ਗਾਰ ਤੋਂ ਆਮਦਨੀ" ਭਾਗ ਵਿੱਚ ਰਾਸ਼ੀਆਂ ਸ਼ਾਮਲ ਕਰੋ।

ਸਾਲਾਨਾ ਆਮਦਨੀ ਦੀ ਗਣਨਾ ਕਿਵੇਂ ਕਰੀਏ

ਆਪਣੀ ਸਾਰੀ ਆਮਦਨੀ ਨੂੰ ਸਾਲਾਨਾ, ਜਾਂ ਵਾਰਸ਼ਿਕ, ਕੁੱਲ ਆਮਦਨੀ ਵਿੱਚ ਜੋੜੋ। ਜੇ ਤੁਹਾਨੂੰ ਨਿਯਮਿਤ ਤੌਰ ਤੇ ਭੁਗਤਾਨ ਕੀਤਾ ਜਾਂਦਾ ਹੈ (ਜਿਵੇਂ ਕਿ, ਸਪਤਾਹਿਕ, ਹਰ 2 ਹਫਤਿਆਂ ਬਾਅਦ, ਮਹੀਨੇ ਵਿੱਚ ਦੋ ਵਾਰ, ਆਦਿ), ਤਾਂ ਤੁਹਾਨੂੰ ਆਪਣੀ ਸਾਲਾਨਾ ਆਮਦਨੀ ਨੂੰ ਲੱਭਣ ਲਈ ਇਹ ਮਹੱਤਵਪੂਰਨ ਕਦਮ ਚੁੱਕਣੇ ਚਾਹੀਦੇ ਹਨ।

ਨੋਟ: ਜੇ ਤੁਸੀਂ NYC ਹਾਊਸਿੰਗ ਕਨੈਕਟ (NYC Housing Connect) ਵਿੱਚ ਆਨਲਾਈਨ ਅਰਜ਼ੀ ਦੇ ਰਹੇ ਹੋ, ਤਾਂ ਤੁਹਾਨੂੰ ਇਹ ਗਣਨਾ ਕਰਨ ਦੀ ਲੋੜ ਨਹੀਂ ਹੈ। ਜਿਵੇਂ ਹੀ ਤੁਸੀਂ ਆਪਣੀ ਪ੍ਰੋਫਾਈਲ ਵਿੱਚ ਆਮਦਨੀ ਦੀ ਜਾਣਕਾਰੀ ਭਰਦੇ ਹੋ, ਇਹ ਆਪਣੇ-ਆਪ ਹੋ ਜਾਂਦੀ ਹੈ।

ਵਿਕਲਪ 1: ਪ੍ਰਤੀ ਘੰਟਾ ਵੇਤਨ ਨੂੰ ਸਾਲਾਨਾ ਆਮਦਨੀ ਵਿੱਚ ਬਦਲੋ:

$ ਤੁਹਾਨੂੰ 1 ਘੰਟੇ ਲਈ ਭੁਗਤਾਨ ਕੀਤਾ ਜਾਂਦਾ ਹੈ

 # ਘੰਟੇ ਤੁਸੀਂ ਆਮ ਤੌਰ ਤੇ 1 ਹਫਤੇ ਵਿੱਚ ਕੰਮ ਕਰਦੇ ਹੋ

X # ਹਫਤੇ ਤੁਸੀਂ ਆਮ ਤੌਰ ਤੇ 1 ਸਾਲ ਵਿੱਚ ਕੰਮ ਕਰਦੇ ਹੋ

= ਸਾਲਾਨਾ ਆਮਦਨੀ

ਵਿਕਲਪ 2: ਨਿਯਮਿਤ ਆਧਾਰ ਤੇ ਭੁਗਤਾਨ ਕੀਤੇ ਵੇਤਨ ਨੂੰ ਸਾਲਾਨਾ ਆਮਦਨੀ ਵਿੱਚ ਬਦਲੋ

ਤੁਹਾਨੂੰ ਅਕਸਰ ਕਿੰਨੀ ਵਾਰ ਭੁਗਤਾਨ ਕੀਤਾ ਜਾਂਦਾ ਹੈ?

- **ਹਰ ਹਫਤੇ:**
  ਹਰ ਹਫਤੇ ਭੁਗਤਾਨ ਕੀਤੇ $ x 52 = ਸਾਲਾਨਾ ਆਮਦਨੀ
- **ਹਰ 2 ਹਫਤੇ:**
  ਹਰ 2 ਹਫਤਿਆਂ ਬਾਅਦ ਭੁਗਤਾਨ ਕੀਤੇ $ x 26 = ਸਾਲਾਨਾ ਆਮਦਨੀ
- **ਮਹੀਨੇ ਵਿੱਚ ਦੋ ਵਾਰ**
  ਮਹੀਨੇ ਵਿੱਚ ਦੋ ਵਾਰ ਭੁਗਤਾਨ ਕੀਤੇ $ x 24 = ਸਾਲਾਨਾ ਆਮਦਨੀ
- **ਮਹੀਨੇ ਵਿੱਚ ਇੱਕ ਵਾਰ:**
  ਹਰ ਮਹੀਨੇ ਭੁਗਤਾਨ ਕੀਤੇ $ x 12 = ਸਾਲਾਨਾ ਆਮਦਨੀ

ਯਾਦ ਰੱਖੋ

ਰੁਜ਼ਗਾਰ ਤੋਂ ਆਮਦਨੀ ਟੈਕਸ ਅਤੇ ਹੋਰ ਕਟੌਤੀਆਂ ਕਰਨ ਤੋਂ ਪਹਿਲਾਂ ਹੋਣੀ ਚਾਹੀਦੀ ਹੈ। (ਇਸ ਨੂੰ ***ਕੁੱਲ ਆਮਦਨੀ***) ਕਹਿੰਦੇ ਹਨ। ਤੁਹਾਨੂੰ ਪੂਰੇ ਸਾਲ ਵਿੱਚ ਹਰ ਰੁਜ਼ਗਾਰਦਾਤਾ ਤੋਂ ਮਿਲੀ ਕੁੱਲ ਆਮਦਨੀ ਨੂੰ ਸ਼ਾਮਲ ਕਰਨਾ ਪਵੇਗਾ।

ਸਵੈ-ਰੁਜ਼ਗਾਰ ਤੋਂ ਆਮਦਨੀ

2. ਸਵੈ-ਰੁਜ਼ਗਾਰ ਤੋਂ ਆਮਦਨੀ

ਸਵੈ-ਰੁਜ਼ਗਾਰ ਤੋਂ ਆਮਦਨੀ ਉਹ ਸਾਰਾ ਪੈਸਾ ਹੈ ਜੋ ਤੁਸੀਂ ਇੱਕ ਸਾਲ ਵਿੱਚ ਆਪਣੇ ਖੁਦ ਲਈ ਕੰਮ ਕਰਕੇ, ਫ੍ਰੀਲਾਂਸਿੰਗ ਜਾਂ ਸੁਤੰਤਰ ਠੇਕੇਦਾਰ ਹੋਣ ਵਜੋਂ ਕਮਾਏ ਹਨ। ਤੁਹਾਡੀ ਅਰਜ਼ੀ ਤੇ, ਸਾਰੇ ਸਾਲ ਲਈ ਰਾਸ਼ੀ ਵਿਚੋਂ ਵਪਾਰਕ ਖਰਚਿਆਂ ਨੂੰ ਘਟਾਕੇ ਸ਼ਾਮਲ ਕਰੋ (***ਸ਼ੁੱਧ ਆਮਦਨੀ***)। ਜੇ ਤੁਸੀਂ ਹਰ ਸਾਲ ਇਕੋ ਰਾਸ਼ੀ ਨਹੀਂ ਕਮਾਉਂਦੇ ਹੋ, ਨਾਲੇ ਅਗਲੇ ਪੰਨੇ ਤੇ ਜਾਓ, "ਸਵੈ-ਰੁਜ਼ਗਾਰ ਤੋਂ ਸਾਲਾਨਾ ਆਮਦਨੀ ਦਾ ਅੰਦਾਜ਼ਾ ਲਗਾਉਣਾ"।

ਕੀ ਤੁਹਾਨੂੰ, ਜਾਂ ਕੋਈ ਵਿਅਕਤੀ ਜਿਨ੍ਹਾਂ ਨਾਲ ਤੁਸੀਂ ਰਹੋਗੇ ਉਨ੍ਹਾਂ ਨੂੰ..?

- ☐ 1099 ਟੈਕਸ ਫਾਰਮ ਮਿਲਿਆ ਹੈ
- ☐ ਆਪਣਾ ਖੁਦ ਦਾ ਕਾਰੋਬਾਰ ਹੈ
- ☐ ਸੁਤੰਤਰ ਸੇਵਾ ਪ੍ਰਦਾਤਾ ਵਜੋਂ ਕੰਮ ਕੀਤਾ ਹੈ
  ਉਦਾਹਰਨਾਂ: ਟੈਕਸੀ ਡਰਾਈਵਰ ਜਿਸ ਕੋਲ ਟੈਕਸੀ ਹੈ/ਕਿਰਾਏ ਤੇ ਹੈ • ਵਾਲਾਂ ਦਾ ਸਟਾਈਲਿਸਟ ਜਿਸ ਨੇ ਸੈਲੂਨ ਵਿੱਚ ਜਗ੍ਹਾ ਕਿਰਾਏ ਤੇ ਲਈ ਹੈ
- ☐ ਫ੍ਰੀਲਾਂਸ ਕੰਮ ਕਰਦੇ ਹੋ
  ਉਦਾਹਰਨਾਂ: ਕਲਾਕਾਰ, ਲੇਖਕ, ਜਾਂ ਗ੍ਰਾਫਿਕ ਡਿਜ਼ਾਇਨਰ ਜਿਨ੍ਹਾਂ ਨੂੰ ਗਾਹਕਾਂ ਦੁਆਰਾ ਸਿੱਧਾ ਭੁਗਤਾਨ ਕੀਤਾ ਜਾਂਦਾ ਹੈ
- ☐ ਸਲਾਹਕਾਰ ਜਾਂ ਸੁਤੰਤਰ ਠੇਕੇਦਾਰ ਵਜੋਂ ਕੰਮ ਕਰਦੇ ਹੋ
  ਹੇਠਾਂ ਉਦਾਹਰਨ
- ☐ ਆਪਣੇ ਲਈ ਕਦੇ-ਕਦਾਈਂ ਜਾਂ ਮਿਆਦੀ ਆਧਾਰ ਤੇ ਕੰਮ ਕਰਦੇ ਹੋ?
  ਉਦਾਹਰਨਾਂ: ਘਰ ਸਾਫ ਕਰਨ ਵਾਲੇ ਨੂੰ ਮਾਲਕ ਸਿੱਧਾ ਪੈਸੇ ਦਿੰਦਾ ਹੈ • ਬੱਚੇ ਨੂੰ ਸੰਭਾਲਨ ਵਾਲੀ ਨੂੰ ਪਰਿਵਾਰ ਸਿੱਧਾ ਪੈਸੇ ਦਿੰਦਾ ਹੈ • ਗਰਮੀਆਂ ਵਿੱਚ ਆਪਣਾ ਖੁਦ ਦਾ ਕੈਟਰਿੰਗ ਕਾਰੋਬਾਰ ਚਲਾਉਣਾ

ਇਹ ***ਸਵੈ-ਰੁਜ਼ਗਾਰ ਤੋਂ ਆਮਦਨੀ*** ਦੇ ਸਰੋਤ ਹਨ। ਜੇ ਤੁਸੀਂ ਇਨ੍ਹਾਂ ਵਿਚੋਂ ਕਿਸੇ ਨੂੰ ਹਾਂ ਕਹਿੰਦੇ ਹੋ, ਤਾਂ ਅਰਜ਼ੀ ਦੇ ਰੁਜ਼ਗਾਰਦਾਤਾ ਭਾਗ ਵਿੱਚ "ਖੁਦ" ਦਾਖਲ ਕਰੋ ਅਤੇ ਸ਼ੁੱਧ ਆਮਦਨੀ ਦੀਆਂ ਰਾਸ਼ੀਆਂ ਦਰਜ਼ ਕਰੋ।

ਸਵੈ-ਰੁਜ਼ਗਾਰ ਤੋਂ ਸ਼ੁੱਧ ਆਮਦਨੀ ਨੂੰ ਕਿਵੇਂ ਗਿਣੀਏ

1. ਉਨ੍ਹਾਂ ਕੁੱਲ ਪੈਸਿਆਂ ਨਾਲ ਸ਼ੁਰੂ ਕਰੋ ਜੋ ਇੱਕ ਸਾਲ ਵਿੱਚ ਕਾਰੋਬਾਰ ਵਿੱਚ ਆਏ ਹਨ। (ਤੁਹਾਡੇ 1099 ਟੈਕਸ ਫਾਰਮ ਤੇ, ਇਹ "ਕੁੱਲ ਵਸੂਲੀਆਂ" ਹਨ।)
2. ਵਪਾਰਕ ਖਰਚੇ ਅਤੇ ਹੋਰ ਕੋਈ ਕਟੌਤੀਆਂ ਘਟਾਓ
3. ਇਹ ਤੁਹਾਡੀ ***ਸਵੈ-ਰੁਜ਼ਗਾਰ ਤੋਂ ਸ਼ੁੱਧ ਆਮਦਨੀ ਹੈ***।

ਇੱਕ ਸੁਤੰਤਰ ਠੇਕੇਦਾਰ ਕੀ ਹੈ?

ਇੱਕ ***ਸੁਤੰਤਰ ਠੇਕੇਦਾਰ*** ਉਹ ਵਿਅਕਤੀ ਹੈ ਜਿਸ ਨੂੰ ਹੋਰ ਲੋਕ ਲੋੜ ਪੈਣ ਤੇ ਕਿਸੇ ਖਾਸ ਕਿਸਮ ਦਾ ਕੰਮ ਕਰਵਾਉਣ ਲਈ ਭਾੜੇ ਤੇ ਬੁਲਾਉਂਦੇ ਹਨ। ਆਮ ਤੌਰ ਤੇ ਠੇਕੇਦਾਰ ਤੇ ਉਸ ਨੂੰ ਬੁਲਾਉਣ ਵਾਲਾ ਵਿਅਕਤੀ ਵਿੱਚ ਇਕਰਾਰਨਾਮਾ ਜਾਂ ਇਕਰਾਰ ਹੁੰਦਾ ਹੈ।

ਉਦਾਹਰਨ: ਪੇਂਟਰ, ਨਿਕੋਲ

ਨਿਕੋਲ ਇੱਕ ਪੇਂਟਰ ਹੈ ਅਤੇ ***ਸੁਤੰਤਰ ਠੇਕੇਦਾਰ*** ਵਜੋਂ ਕੰਮ ਕਰਦੀ ਹੈ। ਉਸ ਕੋਲ ਆਪਣੇ ਪੇਂਟ ਬਰੱਸ਼, ਪੌੜੀਆਂ ਅਤੇ ਹੋਰ ਸਮੱਗਰੀਆਂ ਹਨ ਅਤੇ ਲੋਕ ਆਪਣੇ ਘਰਾਂ ਨੂੰ ਪੇਂਟ ਕਰਵਾਉਣ ਲਈ ਉਸ ਨੂੰ ਭਾੜੇ ਤੇ ਬੁਲਾਉਂਦੇ ਹਨ। ਕਿਸੇ ਲਈ ਪੇਂਟਿੰਗ ਦਾ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ, ਉਹ ਇਸ ਤੇ ਸਹਿਮਤ ਹੁੰਦੇ ਹਨ ਕਿ ਉਸ ਨੂੰ ਪ੍ਰਤੀ ਘੰਟਾ ਕਿੰਨੇ ਪੈਸੇ ਦਿੱਤੇ ਜਾਣਗੇ ਅਤੇ ਇੱਕ ਇਕਰਾਰਨਾਮੇ ਤੇ ਦਸਤਕਤ ਕਰਦੇ ਹਨ। ਜਦੋਂ ਨਿਕੋਲ ਪੇਂਟਿੰਗ ਦਾ ਕੰਮ ਖਤਮ ਕਰ ਲੈਂਦੀ ਹੈ, ਤਾਂ ਉਹ ਉਸ ਵਿਅਕਤੀ ਨੂੰ ਦੱਸਦੀ ਹੈ ਕਿ ਉਸ ਨੇ ਕਿੰਨੇ ਘੰਟੇ ਕੰਮ ਕੀਤਾ ਹੈ, ਅਤੇ ਉਹ ਵਿਅਕਤੀ ਉਸ ਨੂੰ ਚੈੱਕ ਜਾਂ ਨਗਦ ਪੈਸੇ ਦਿੰਦਾ ਹੈ।

ਯਾਦ ਰੱਖੋ

ਅਰਜ਼ੀ ਤੇ, ਸਵੈ-ਰੁਜ਼ਗਾਰ ਤੋਂ ਆਮਦਨੀ ਕਾਰੋਬਾਰ ਦੇ ਅਤੇ ਹੋਰ ਖਰਚਿਆਂ ਨੂੰ ਘਟਾਉਣ ਤੋਂ **ਬਾਅਦ** ਹੋਣੀ ਚਾਹੀਦੀ ਹੈ। ਇਸ ਨੂੰ ***ਸ਼ੁੱਧ ਆਮਦਨੀ*** ਕਹਿੰਦੇ ਹਨ।

ਸਵੈ-ਰੁਜ਼ਗਾਰ ਤੋਂ ਸਾਲਾਨਾ ਆਮਦਨੀ ਦਾ ਅੰਦਾਜ਼ਾ ਲਗਾਉਣਾ

ਤੁਸੀਂ ਹਰ ਸਾਲ ਸਵੈ-ਰੁਜ਼ਗਾਰ ਤੋਂ ਠੀਕ ਇਕੋ ਰਾਸ਼ੀ ਨਹੀਂ ਵੀ ਬਣਾ ਸਕਦੇ ਹੋ। ਸਵੈ-ਰੁਜ਼ਗਾਰ ਤੋਂ ਆਪਣੀ ਸਾਲਾਨਾ ਆਮਦਨੀ ਦਾ ਅੰਦਾਜ਼ਾ ਲਗਾਉਣ ਲਈ ਇਨ੍ਹਾਂ ਕਦਮਾਂ ਦੀ ਵਰਤੋਂ ਕਰੋ।

1. ਇਸ ਕਿਸਮ ਦੇ ਸਵੈ-ਰੁਜ਼ਗਾਰ ਕੰਮ ਲਈ ਤੁਹਾਨੂੰ ਲਗਾਤਾਰ ਪਿਛਲੇ 3 ਸਾਲਾਂ ਦੀ ਟੈਕਸ ਰਿਟਰਨ ਦੀ ਲੋੜ ਹੋਵੇਗੀ।
   - *ਜੇ ਤੁਹਾਡੇ ਕੋਲ 3 ਸਾਲਾਂ ਦੀ ਜਾਣਕਾਰੀ ਨਹੀਂ ਹੈ, ਤਾਂ ਲਗਾਤਾਰ ਪਿਛਲੇ 2 ਸਾਲਾਂ ਨੂੰ ਵਰਤੋਂ।*
2. ਟੈਕਸ ਰਿਟਰਨਾਂ ਤੇ ਸ਼ੁੱਧ ਲਾਭ ਦੀ ਰਾਸ਼ੀ ਨੂੰ ਦੇਖੋ।
   - *ਟੈਕਸ ਰਿਟਰਨ ਤੇ, ਲਾਈਨ 12, "ਵਪਾਰਕ ਆਮਦਨੀ (ਜਾਂ ਨੁਕਸਾਨ)" ਦੇਖੋ।*
   - *ਸ਼ਡਿਊਲ C ਫਾਰਮ ਤੇ, ਲਾਈਨ 31, "ਸ਼ੁੱਧ ਲਾਭ (ਜਾਂ ਨੁਕਸਾਨ)" ਦੇਖੋ।*
3. ਕੀ ਤੁਹਾਨੂੰ ਲਗਦਾ ਹੈ ਕਿ ਤੁਸੀਂ ਇਸ ਸਾਲ ਵੀ ਪਿਛਲੇ ਸਾਲ ਦੀ ਤਰ੍ਹਾਂ ਹੀ ਲਗਭਗ ਉਨੇਂ ਪੈਸੇ ਬਣਾਉਂਦੇ ਹੋ? ਜੇ ਹਾਂ, ਤਾਂ ਔਸਤ ਕੱਢੋ ਅਤੇ ਰਾਸ਼ੀ ਨੂੰ ਅਰਜ਼ੀ ਵਿੱਚ ਸ਼ਾਮਲ ਕਰੋ। (ਔਸਤ ਕਿਵੇਂ ਕੱਢਣੀ ਹੈ ਲਈ ਹੇਠਾਂ ਦੇਖੋ)
4. ਕੀ ਤੁਸੀਂ ਉਮੀਦ ਕਰਦੇ ਹੋ ਕਿ ਇਸ ਸਾਲ ਪੈਸਿਆਂ ਦੀ ਰਾਸ਼ੀ ਪਿਛਲੇ ਸਾਲ ਨਾਲੋਂ ਵੱਖਰੀ ਹੈ? ਜੇ ਹਾਂ, ਤਾਂ ਉਸ ਰਾਸ਼ੀ ਨੂੰ ਸ਼ਾਮਲ ਕਰੋ ਜਿਸ ਦੀ ਤੁਹਾਨੂੰ ਇਸ ਸਾਲ ਉਮੀਦ ਹੈ।
5. ਜੇ ਤੁਸੀਂ ਇੱਕ ਸਾਲ ਪੈਸੇ ਗੁਆ ਦਿੰਦੇ ਹੋ, ਤਾਂ ਉਸ ਸਾਲ ਲਈ $0.00 ਵਰਤੋਂ। ਰਿਣਾਤਮਿਕ ਨੰਬਰ ਦੀ ਵਰਤੋਂ ਨਾ ਕਰੋ। ਹੋਰ ਜਾਣਕਾਰੀ ਲਈ ਹੇਠਾਂ "ਔਸਤਾਂ ਬਾਰੇ" ਦੇਖੋ।
6. ਯਕੀਨੀ ਬਣਾਓ ਕਿ ਤੁਹਾਡੇ ਕੋਲ ਉਸ ਰਾਸ਼ੀ ਨੂੰ ਦਿਖਾਉਣ ਲਈ ਦਸਤਾਵੇਜ਼ ਹੋਣ ਜੋ ਤੁਸੀਂ ਅਤੀਤ ਵਿੱਚ ਬਣਾਈ ਹੈ (ਜਿਵੇਂ ਕਿ ਟੈਕਸ ਰਿਟਰਨਾਂ) ਅਤੇ ਉਹ ਆਮਦਨੀ ਜੋ ਤੁਹਾਨੂੰ ਲਗਦਾ ਹੈ ਕਿ ਤੁਸੀਂ ਇਸ ਸਾਲ ਬਣਾਓਗੇ (ਜਿਵੇਂ ਕਿ ਤੁਹਾਡੇ ਲੇਖਾਕਾਰ ਜਾਂ ਵਪਾਰਕ ਮੈਨੇਜਰ ਤੋਂ ਪੱਤਰ, ਵਿੱਤੀ ਸਟੇਟਮੈਂਟ, ਬਜਟ, ਰਸੀਦਾਂ ਜਾਂ ਹੋਰ ਜਾਣਕਾਰੀ)।

ਉਦਾਹਰਨ: ਡੇਵਿਡ ਦੀ ਕੈਟਰਿੰਗ

ਡੇਵਿਡ ਹਫਤੇ ਦੇ ਦੌਰਾਨ ਸਰਕਾਰ ਲਈ ਕੰਮ ਕਰਦਾ ਹੈ, ਪਰ ਕੁਝ ਸਾਲ ਪਹਿਲਾਂ ਉਸ ਨੇ ਵਾਧੂ ਪੈਸੇ ਕਮਾਉਣ ਲਈ ਗਰਮੀਆਂ ਵਿੱਚ ਵੀਕੇਂਡ ਤੇ ਕੈਟਰਿੰਗ ਦਾ ਕਾਰੋਬਾਰ ਵੀ ਸ਼ੁਰੂ ਕਰ ਦਿੱਤਾ ਸੀ। ਕਾਰੋਬਾਰ ਵਧ ਰਿਹਾ ਹੈ।

ਹਰ ਸਾਲ ਡੇਵਿਡ ਦਾ ਕਾਰੋਬਾਰ ਪਿਛਲੇ ਸਾਲ ਨਾਲੋਂ ਕੁਝ ਪੈਸੇ ਜ਼ਿਆਦਾ ਬਣਾਉਂਦਾ ਹੈ:

- 3 ਸਾਲ ਪਹਿਲਾਂ, ਵਪਾਰ ਤੋਂ ਪੈਸੇ ਬਣੇ $5,000।
- 2 ਸਾਲ ਪਹਿਲਾਂ, ਇਸ ਤੋਂ $7,000 ਬਣੇ।
- ਪਿਛਲੇ ਸਾਲ, ਇਸ ਤੋਂ $9,000 ਬਣੇ।

ਪਿਛਲੇ 3 ਸਾਲਾਂ ਦੇ ਰੁਝਾਨ ਦੇ ਆਧਾਰ ਤੇ, ਡੇਵਿਡ ਨੂੰ ਇਸ ਸਾਲ ਕੈਟਰਿੰਗ ਤੋਂ $11,000 ਬਣਨ ਦੀ ਉਮੀਦ ਹੈ। ਉਸ ਨੂੰ ਅਰਜ਼ੀ ਤੇ $11,000 ਲਿਖਣੇ ਚਾਹੀਦੇ ਹਨ ਜਿੱਥੇ ਉਹ ਆਪਣੀ ਸਵੈ-ਰੁਜ਼ਗਾਰ ਤੋਂ ਆਮਦਨੀ ਦਰਜ਼ ਕਰਦਾ ਹੈ। ਇਹ ਉਸ ਤਨਖਾਹ ਤੋਂ ਇਲਾਵਾ ਹੈ ਜੋ ਉਹ ਆਪਣੀ ਸਰਕਾਰੀ ਨੌਕਰੀ ਵਿੱਚ ਕਮਾਉਂਦਾ ਹੈ।

ਔਸਤਾਂ ਬਾਰੇ

ਜੇ ਤੁਹਾਨੂੰ ਲਗਦਾ ਹੈ ਕਿ ਤੁਸੀਂ ਇਸ ਸਾਲ ਵੀ ਪਿਛਲੇ 3 ਸਾਲਾਂ ਦੀ ਤਰ੍ਹਾਂ ਹੀ ਲਗਭਗ ਉਨੇਂ ਪੈਸੇ ਬਣਾਓਗੇ, ਤਾਂ ਉਨ੍ਹਾਂ ਸਾਲਾਂ ਦੀ ਔਸਤ ਕੱਢੋ ਅਤੇ ਇਸ ਨੂੰ ਆਪਣੀ ਅਰਜ਼ੀ ਵਿੱਚ ਦਰਜ਼ ਕਰੋ।

ਇਹ ਦੇਖੋ ਕਿਵੇਂ:

1. ਆਪਣੀਆਂ ਲਗਾਤਾਰ 2 ਜਾਂ 3 ਸਾਲਾਂ ਦੀਆਂ ਟੈਕਸ ਰਿਟਰਨਾਂ ਤੋਂ ਸ਼ੁੱਧ ਲਾਭ ਲੱਭੋ।
2. ਉਨ੍ਹਾਂ ਸਾਰੀਆਂ ਰਾਸ਼ੀਆਂ ਨੂੰ ਜੋੜੋ।
   - *ਕੀ ਇਨ੍ਹਾਂ ਵਿਚੋਂ ਕੋਈ ਰਾਸ਼ੀ ਰਿਣਾਤਮਿਕ ਹੈ (ਉਦਾਹਰਨ ਲਈ: $ - 924.00)? ਜੇ ਹਾਂ, ਤਾਂ ਉਸ ਸਾਲ ਲਈ $0.00 ਵਰਤੋਂ।*
3. ਉਸ ਨੰਬਰ ਨੂੰ ਉਸ ਆਮਦਨ ਰਾਸ਼ੀਆਂ ਨਾਲ ਵੰਡੋ ਜਿਨ੍ਹਾਂ ਨਾਲ ਤੁਸੀਂ ਸ਼ੁਰੂ ਕੀਤਾ ਹੈ।
   - *ਜੇ ਤੁਹਾਡੇ ਕੋਲ **3** ਸਾਲਾਂ ਦੀਆਂ ਰਾਸ਼ੀਆਂ ਹਨ, ਤਾਂ ਔਸਤ ਕੱਢਣ ਲਈ ਨੰਬਰ ਨੂੰ 3 ਨਾਲ ਵੰਡੋ।*
   - *ਜੇ ਤੁਹਾਡੇ ਕੋਲ **2** ਸਾਲਾਂ ਦੀਆਂ ਰਾਸ਼ੀਆਂ ਹਨ, ਤਾਂ ਔਸਤ ਕੱਢਣ ਲਈ ਨੰਬਰ ਨੂੰ 2 ਨਾਲ ਵੰਡੋ।*
4. ਔਸਤ ਨੂੰ ਆਪਣੀ ਅਰਜ਼ੀ ਦੇ "ਸਵੈ-ਰੁਜ਼ਗਾਰ ਤੋਂ ਆਮਦਨੀ" ਭਾਗ ਵਿੱਚ ਦਾਖਲ ਕਰੋ।

ਹੋਰ ਸਰੋਤਾਂ ਤੋਂ ਆਮਦਨੀ

3. ਹੋਰ ਸਰੋਤਾਂ ਤੋਂ ਆਮਦਨੀ

ਤੁਹਾਡੀ ਜਾਂ ਹੋਰ ਲੋਕ ਜੋ ਤੁਹਾਡੇ ਨਾਲ ਰਹਿਣਗੇ, ਉਨ੍ਹਾਂ ਦੀ ਕੋਈ ਆਮਦਨੀ ਹੋ ਸਕਦੀ ਹੈ ਜੋ ਨੌਕਰੀ ਜਾਂ ਸਵੈ-ਰੁਜ਼ਗਾਰ ਤੋਂ ਨਹੀਂ ਹੁੰਦੀ। ਜੇ ਤੁਹਾਨੂੰ ***ਨਿਯਮਿਤ ਆਧਾਰ ਤੇ ਹੋਰ ਸਰੋਤਾਂ ਤੋਂ ਆਮਦਨੀ*** ਪ੍ਰਾਪਤ ਹੁੰਦੀ ਹੈ, ਤਾਂ ਤੁਹਾਨੂੰ ਇਸ ਨੂੰ ਆਪਣੀ ਅਰਜ਼ੀ ਵਿੱਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ।

ਕੀ ਤੁਹਾਨੂੰ ਜਾਂ ਹੋਰ ਲੋਕ ਜੋ ਤੁਹਾਡੇ ਨਾਲ ਰਹਿਣਗੇ, ਉਨ੍ਹਾਂ ਨੂੰ ਨਿਮਨਲਿਖਤ ਤੋਂ ਨਿਯਮਿਤ ਆਧਾਰ ਤੇ ਆਮਦਨੀ ਪ੍ਰਾਪਤ ਹੁੰਦੀ ਹੈ?

ਨੋਟ: 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਆਮਦਨੀ ਨੂੰ ਸ਼ਾਮਲ ਕਰੋ

- ☐ ਨਿਰਵਾਹ-ਧਨ (ਏਲਮੋਨੀ)
- ☐ ਸਾਲਾਨਾ ਭੁਗਤਾਨ (ਐਨੂਇਟੀ)
- ☐ ਸਸ਼ਤਰ ਸੇਨਾਵਾਂ ਰਿਜ਼ਰਵਸ
- ☐ ਬੱਚਿਆਂ ਲਈ ਸਹਾਇਤਾ*
- ☐ ਅਪੰਗਤਾ ਬੀਮਾ
- ☐ ਵੰਡ
- ☐ ਡਿਵੀਡੈਂਡ (ਲਾਭਾਂਸ਼)
- ☐ ***ਗਿਫਟ (ਉਪਹਾਰ)***
  - ➤ *ਉਦਾਹਰਨਾਂ ਅਗਲੇ ਪੰਨੇ ਤੇ ਹਨ*
- ☐ ***ਸੰਪਤੀਆਂ ਤੋਂ ਵਿਆਜ਼*** (ਜਿਵੇਂ ਕਿ ਬੈਂਕ ਖਾਤਿਆਂ ਜਾਂ ਹੋਰ ਨਿਵੇਸ਼)
  - ➤ *ਹੋਰ ਵੇਰਵੇ ਪੰਨਾ 10 ਤੇ, "ਉਪਯੋਗੀ ਸ਼ਬਦ" ਵਿੱਚ*
- ☐ ਪੈਨਸ਼ਨ
- ☐ ਜਨਤਕ ਸਹਾਇਤਾ (PA)**
- ☐ ਕਿਰਾਏ ਤੇ ਸੰਪਤੀ
  - ➤ *ਸੰਪਤੀ ਤੋਂ ਸ਼ੁੱਧ ਕਿਰਾਏ ਨੂੰ ਵਰਤੋਂ*
- ☐ ਸਮਾਜਿਕ ਸੁਰੱਖਿਆ ਜਾਂ SSI
  - ➤ *ਕਟੌਤੀਆਂ ਤੋਂ ਪਹਿਲਾਂ, ਹਰ ਮਹੀਨੇ ਲਈ ਪੂਰੀ ਰਾਸ਼ੀ ਨੂੰ ਵਰਤੋਂ*
- ☐ ਬੇਰੁਜ਼ਗਾਰੀ ਫਾਇਦੇ
- ☐ ਕਰਮੀਆਂ ਨੂੰ ਮੁਆਵਜ਼ਾ

ਇਹ ***ਹੋਰ ਸਰੋਤਾਂ ਤੋਂ ਆਮਦਨੀ*** ਦੀਆਂ ਉਦਾਹਰਨਾਂ ਹਨ। ਜੇ ਤੁਸੀਂ ਇਨ੍ਹਾਂ ਵਿਚੋਂ ਕਿਸੇ ਨੂੰ "ਹਾਂ" ਕਹਿੰਦੇ ਹੋ, ਤਾਂ ਆਪਣੀ ਅਰਜ਼ੀ ਦੇ "ਹੋਰ ਸਰੋਤਾਂ ਤੋਂ ਆਮਦਨੀ" ਭਾਗ ਵਿੱਚ ਰਾਸ਼ੀਆਂ ਸ਼ਾਮਲ ਕਰੋ।

ਯਾਦ ਰੱਖੋ

- ***ਹੋਰ ਸਰੋਤਾਂ ਤੋਂ ਆਮਦਨੀ*** ਨੂੰ ਕੇਵਲ ਤਾਂ ਹੀ ਸ਼ਾਮਲ ਕਰੋ ਜੇ ਤੁਸੀਂ ਇਸ ਨੂੰ ***ਨਿਯਮਿਤ ਆਧਾਰ ਤੇ*** ਪ੍ਰਾਪਤ ਕਰਦੇ ਹੋ (ਜਿਵੇਂ ਕਿ ਸਪਤਾਹਿਕ, ਹਰ ਹਫਤਿਆਂ ਬਾਅਦ, ਮਾਸਿਕ, ਜਾਂ ਸਾਲਾਨਾ)। ***ਇੱਕ-ਵਾਰ ਮਿਲਣ ਵਾਲੇ ਭੁਗਤਾਨਾਂ*** ਨੂੰ ਸ਼ਾਮਲ ਨਾ ਕਰੋ।
- ਅਰਜ਼ੀ ਤੇ, ਪੈਸਿਆਂ ਦੀ ਉਸ ਰਾਸ਼ੀ ਨੂੰ ਸ਼ਾਮਲ ਕਰੋ ਜੋ ਤੁਹਾਨੂੰ ਹਰੇਕ ਸਰੋਤ ਤੋਂ ਇੱਕ ਪੂਰੇ ਸਾਲ ਵਿੱਚ ਮਿਲੇਗੀ। ਭਾਵੇਂ ਤੁਹਾਨੂੰ ਪੂਰੇ ਸਾਲ ਲਈ ਪੈਸੇ ਨਹੀਂ ਵੀ ਮਿਲ ਰਹੇ ਹਨ ਤਾਂ ਵੀ ਇਸ ਤਰ੍ਹਾਂ ਹੀ ਕਰੋ।

  ਉਦਾਹਰਨ ਲਈ: ਤੁਹਾਨੂੰ ਹਰ ਹਫਤੇ ਬੇਰੁਜ਼ਗਾਰੀ ਭੱਤੇ ਮਿਲਦੇ ਹਨ, ਪਰ ਤੁਹਾਨੂੰ ਪਤਾ ਹੈ ਕਿ ਭੁਗਤਾਨ ਕੁਝ ਮਹੀਨਿਆਂ ਵਿੱਚ ਬੰਦ ਹੋ ਜਾਣਗੇ। ਉਸ ਕੁੱਲ ਰਾਸ਼ੀ ਨੂੰ ਸ਼ਾਮਲ ਕਰੋ ਜੋ ਤੁਹਾਨੂੰ ਇੱਕ ਸਾਲ ਵਿੱਚ ਮਿਲੇਗੀ ਜੇ ਭੁਗਤਾਨ ਬੰਦ ਨਹੀਂ ਹੁੰਦੇ ਸਨ। ਨਿਯਮਿਤ ਭੁਗਤਾਨਾਂ ਤੋਂ ਸਾਲਾਨਾ ਆਮਦਨੀ ਕੱਢਣ ਬਾਰੇ ਸਿੱਖਣ ਲਈ ਪੰਨਾ 4 ਤੇ ਜਾਓ।

** ਕੀ ਤੁਹਾਨੂੰ ਅਦਾਲਤ ਦੇ ਆਦੇਸ਼ ਨਾਲ ਬੱਚੇ ਲਈ ਸਹਾਇਤਾ ਅਤੇ ਜਨਤਕ ਸਹਾਇਤਾ (PA) ਮਿਲਦੀ ਹੈ? ਬੱਚੇ ਲਈ ਮਿਲਦੀ ਸਹਾਇਤਾ ਦੀ ਪੂਰੀ ਰਾਸ਼ੀ ਨੂੰ ਸ਼ਾਮਲ ਕਰਨਾ ਯਕੀਨੀ ਬਣਾਓ। ਉਦਾਹਰਨ ਲਈ, ਜੇ ਤੁਹਾਨੂੰ "ਪਾਸ-ਥਰੂ" ਭੁਗਤਾਨ ਮਿਲਦੇ ਹਨ, ਬੱਚੇ ਲਈ ਮਿਲਦੀ ਸਹਾਇਤਾ ਦੀ ਪੂਰੀ ਰਾਸ਼ੀ ਉਸ ਤੋਂ ਘੱਟ ਹੋ ਸਕਦੀ ਹੈ ਜੋ ਤੁਹਾਨੂੰ ਹਰ ਮਹੀਨੇ ਮਿਲਦੀ ਹੈ।*

*** ਤੁਹਾਡੀ ਜਨਤਕ ਸਹਾਇਤਾ ਆਮਦਨੀ "ਭੁਗਤਾਨ ਕੀਤੇ ਅਨੁਸਾਰ" ਸਥਾਨਾਂ ਲਈ ਨਿਯਮਾਂ ਦੇ ਅਨੁਸਾਰ ਕੱਢੀ ਜਾਵੇਗੀ। ਜੇ ਤੁਸੀਂ **ਆਪਣੀ ਯੋਗਤਾ ਦੀ ਪੁਸ਼ਟੀ ਕਰਨ ਲਈ ਅਪਾਇੰਟਮੈਂਟ** ਤੇ ਜਾਂਦੇ ਹੋ, ਤਾਂ ਨਿਰਮਾਤਾ ਜਾਂ ਮਾਰਕਿਟਿੰਗ ਏਜੰਟ ਇਸ ਦੀ ਗਣਨਾ ਕਰਨ ਲਈ ਤੁਹਾਡੇ ਸਾਰੇ ਦਸਤਾਵੇਜ਼ਾਂ ਨੂੰ ਦੇਖੇਗਾ।*

ਗਿਫਟ (ਉਪਹਾਰ) ਤੋਂ ਆਮਦਨੀ ਕੀ ਹੈ?

ਜੇ ਉਹ ਲੋਕ ਜੋ ਤੁਹਾਡੇ ਨਾਲ ਨਹੀਂ ਰਹਿੰਦੇ ਹਨ, ਤੁਹਾਨੂੰ ***ਨਿਯਮਿਤ ਆਧਾਰ ਤੇ*** ਪੈਸੇ ਦਿੰਦੇ ਹਨ ਜਾਂ ਤੁਹਾਡੇ ਬਿਲਾਂ ਦਾ ਭੁਗਤਾਨ ਕਰਦੇ ਹਨ, ਤਾਂ ਇਸ ਨੂੰ ***ਗਿਫਟ ਤੋਂ ਆਮਦਨੀ*** **ਕਹਿੰਦੇ ਹਨ।** ਤੁਹਾਡਾ ਇਸ ਨੂੰ ਆਪਣੀ ਆਮਦਨੀ ਦੀ ਗਣਨਾ ਕਰਨ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ।

ਉਦਾਹਰਨਾਂ:

- ਤੁਹਾਡੇ ਮਾਪੇ ਹਰ ਮਹੀਨੇ ਤੁਹਾਡਾ ਬਿਜਲੀ ਦਾ ਬਿਲ ਭਰਦੇ ਹਨ, ਅਤੇ ਇਸ ਦੀ ਔਸਤ ਲਗਭਗ $100 ਪ੍ਰਤੀ ਮਹੀਨਾ ਹੈ। ਤੁਹਾਡਾ ਆਪਣੀ ਅਰਜ਼ੀ ਤੇ ਆਪਣੀ ਆਮਦਨੀ ਵਿੱਚ $100 ਪ੍ਰਤੀ ਮਹੀਨਾ ਸ਼ਾਮਲ ਕਰਨਾ ਜ਼ਰੂਰੀ ਹੈ।
- ਕੋਈ ਦੋਸਤ ਜਾਂ ਰਿਸ਼ਤੇਦਾਰ ਤੁਹਾਡੇ ਖਰਚਿਆਂ ਨਾਲ ਮਦਦ ਕਰਨ ਲਈ ਹਰ ਹਫਤੇ ਤੁਹਾਨੂੰ $20 ਦਿੰਦਾ ਹੈ। ਤੁਹਾਡਾ ਆਪਣੀ ਅਰਜ਼ੀ ਤੇ ਆਪਣੀ ਆਮਦਨੀ ਵਿੱਚ $20 ਪ੍ਰਤੀ ਹਫਤਾ ਸ਼ਾਮਲ ਕਰਨਾ ਜ਼ਰੂਰੀ ਹੈ।

ਜੇ ਤੁਹਾਨੂੰ ***ਤੁਹਾਡੀ ਯੋਗਤਾ ਦੀ ਪੁਸ਼ਟੀ ਕਰਨ ਲਈ ਅਪਾਇੰਟਮੈਂਟ***, ਲਈ ਸੱਦਾ ਦਿੱਤਾ ਗਿਆ ਹੈ, ਤਾਂ ਤੁਹਾਨੂੰ ਇਹ ਸਿੱਧ ਕਰਨ ਲਈ ਦਸਤਾਵੇਜ਼ਾਂ ਦੀ ਲੋੜ ਹੋਵੇਗੀ ਕਿ ਤੁਹਾਨੂੰ ਇਹ ਗਿਫਟ ਤੋਂ ਆਮਦਨੀ ਨਿਯਮਿਤ ਆਧਾਰ ਤੇ ਮਿਲਦੀ ਹੈ। ਉਦਾਹਰਨ ਲਈ, ਯਕੀਨੀ ਬਣਾਓ ਕਿ ਤੁਸੀਂ ਨਗਦ ਭੁਗਤਾਨਾਂ ਨੂੰ ਸਿੱਧਾ ਆਪਣੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਦੇ ਹੋ ਤਾਂ ਜੋ ਤੁਹਾਡੇ ਬੈਂਕ ਸਟੇਟਮੈਂਟ ਦਿਖਾਉਣ ਕਿ ਤੁਹਾਨੂੰ ਨਿਯਮਿਤ ਤੌਰ ਤੇ ਭੁਗਤਾਨ ਕੀਤਾ ਜਾਂਦਾ ਹੈ। ਤੁਸੀਂ ਉਨ੍ਹਾਂ ਵਿਅਕਤੀਆਂ ਦੇ ਕੈਂਸਲ ਚੈੱਕ ਦੀਆਂ ਕਾਪੀਆਂ ਨਾਲ ਸਿੱਧ ਕਰ ਸਕਦੇ ਹੋ ਕਿ ਹੋਰ ਕੋਈ ਵਿਅਕਤੀ ਤੁਹਾਡੇ ਲਈ ਬਿਲਾਂ ਦਾ ਭੁਗਤਾਨ ਕਰਦਾ ਹੈ।

ਨੋਟ: ਨਿਮਨਲਿਖਤ ਗਿਫਟ ਤੋਂ ਆਮਦਨੀਆਂ ਨਹੀਂ ਹਨ ਅਤੇ ਇਨ੍ਹਾਂ ਨੂੰ ਤੁਹਾਡੀ ਅਮਦਨੀ ਕੱਢਣ ਲਈ ਸ਼ਾਮਲ ਨਹੀਂ ਕੀਤਾ ਜਾਣ ਚਾਹੀਦਾ ਹੈ: (1) ਤੁਹਾਡੇ ਘਰ ਵਿੱਚ ਬੱਚਿਆਂ ਲਈ ਕਰਿਆਨੇ ਦੇ ਸਮਾਨ ਦੇ ਉਪਹਾਰ, (2) ਮੁਫਤ ਜਾਂ ਘੱਟ ਕੀਮਤ ਤੇ ਸਕੂਲ ਲੰਚ ਦਾ ਮੁੱਲ, ਜਾਂ (3) ਬਜ਼ੁਰਗਾਂ ਜਾਂ ਲੋੜਵੰਦਾਂ ਨੂੰ ਦਿੱਤੇ ਜਾਣ ਵਾਲੇ ਖਾਣੇ ਦਾ ਮੁੱਲ।

ਆਮਦਨੀ ਜੋ ਸ਼ਾਮਲ ਨਹੀਂ ਹੁੰਦੀ



ਇਸ ਲਈ ਕੁਝ ਅਪਵਾਦ ਹਨ ਕਿ ਆਮਦਨੀ ਵਿੱਚ ਕੀ ਸ਼ਾਮਲ ਹੁੰਦਾ ਹੈ:

- 18 ਸਾਲ ਤੋਂ ਘੱਟ ਉਮਰ ਦੇ ਬੱਚੇ ਦੇ ਰੁਜ਼ਗਾਰ ਤੋਂ ਆਮਦਨੀ
- 18 ਸਾਲ ਤੋਂ ਜ਼ਿਆਦਾ ਉਮਰ ਦੇ ਪੂਰੇ-ਸਮੇਂ ਦੇ ਆਸ਼ਰਿਤ ***ਵਿਦਿਆਰਥੀ*** ਦੁਆਰਾ $480 ਤੋਂ ਜ਼ਿਆਦਾ ਕਮਾਈ ਕੋਈ ਵੀ ਰਾਸ਼ੀ
- ਇੱਕਮੁਸ਼ਤ ਭੁਗਤਾਨ
  ਉਦਾਹਰਨਾਂ: ਬੀਮਾ ਅਦਾਇਗੀਆਂ • ਵਿਰਾਸਤ ਤੋਂ ਮਿਲਿਆ ਧਨ
- ਇੱਕ-ਵਾਰ, ਵਾਰ-ਵਾਰ ਨਾ ਹੋਣ ਵਾਲੇ ਜਾਂ ਇਤਫਾਕੀਆ (***ਇੱਕ-ਵਾਰ ਮਿਲਣ ਵਾਲੇ ਉਪਹਾਰਾਂ ਸਮੇਤ***)
- ਚਿਕਿਤਸਕੀ ਖਰਚਿਆਂ ਲਈ ਭੁਗਤਾਨ ਜਾਂ ਵਾਪਸੀ-ਅਦਾਇਗੀਆਂ
- ਫੋਸਟਰ ਬੱਚਿਆਂ ਦੀ ਸੰਭਾਲ ਕਰਨ ਲਈ ਭੁਗਤਾਨ
- ਵਿਦਿਆਰਥੀ ਜਾਂ ਵਿਦਿਅਕ ਸੰਸਥਾਨ ਨੂੰ ਵਿਦਿਆਰਥੀ ਦੀ ਸਹਾਇਤਾ ਲਈ ਕੀਤਾ ਗਿਆ ਭੁਗਤਾਨ
- ਫੂਡ ਸਟੈਂਪਾਂ ਦਾ ਡਾਲਰ ਮੁੱਲ ਜਾਂ SNAP
- ਤੁਹਾਡੇ ਘਰ ਵਿੱਚ ਬੱਚਿਆਂ ਲਈ ਕਰਿਆਨੇ ਦੇ ਸਮਾਨ ਦੇ ਉਪਹਾਰ
- ਮੁਫਤ ਜਾਂ ਘੱਟ ਕੀਮਤ ਤੇ ਸਕੂਲ ਲੰਚ ਦਾ ਮੁੱਲ
- ਬਜ਼ੁਰਗਾਂ ਜਾਂ ਲੋੜਵੰਦਾਂ ਨੂੰ ਦਿੱਤੇ ਜਾਣ ਵਾਲੇ ਖਾਣੇ ਦਾ ਮੁੱਲ

ਆਪਣੀ ਆਮਦਨੀ ਦੀ ਗਣਨਾ ਕਰਨ ਲਈ ਇਨ੍ਹਾਂ ਆਈਟਮਾਂ ਨੂੰ ਸ਼ਾਮਲ ਨਾ ਕਰੋ।

ਅਕਸਰ ਪੁੱਛੇ ਜਾਣ ਵਾਲੇ ਸਵਾਲ

ਅਕਸਰ ਪੁੱਛੇ ਜਾਣ ਵਾਲੇ ਸਵਾਲ

ਰੁਜ਼ਗਾਰ ਤੋਂ ਆਮਦਨੀ

ਮੈਨੂੰ ਆਪਣੀ ਸਾਲਾਨਾ ਆਮਦਨੀ ਨੂੰ *ਕੱਢਣ ਦੀ ਲੋੜ ਕਿਉਂ ਹੈ*? ਕੀ ਮੈਂ ਸਿਰਫ ਉਹੀ ਨਹੀਂ ਦੱਸ ਸਕਦਾ ਜੋ ਮੈਨੂੰ ਪਿਛਲੇ ਸਾਲ ਮਿਲਿਆ ਸੀ?
ਤੁਸੀਂ ਅਤੇ ਉਹ ਲੋਕ ਜੋ ਤੁਹਾਡੇ ਨਾਲ ਰਹਿਣਗੇ, ਇਸ ਆਧਾਰ ਤੇ ***ਯੋਗ*** ਹੋਣਗੇ ਕਿ ਤੁਸੀਂ ਭਵਿੱਖ ਵਿੱਚ ਕਿੰਨੇ ਪੈਸੇ ਕਮਾਉਂਦੇ ਹੋ। ਪਿਛਲੇ ਸਾਲ ਤੋਂ ਟੈਕਸ ਦਸਤਾਵੇਜ਼ਾਂ ਨੂੰ ਦੇਖਣਾ ਇੱਕ ਚੰਗਾ ਵਿਚਾਰ ਹੈ, ਪਰ ਇਹ ਕਾਫੀ ਨਹੀਂ ਹੈ। ਹਰ ਸਾਲ ਵੱਖਰਾ ਹੁੰਦਾ ਹੈ। ਇਸ ਲਈ ਤੁਹਾਡਾ ਉਸ ਰਾਸ਼ੀ ਨੂੰ ਦਾਖਲ ਕਰਨਾ ਜ਼ਰੂਰੀ ਹੈ ਜੋ ਤੁਸੀਂ ਵਰਤਮਾਨ ਵਿੱਚ ਕਮਾਉਂਦੇ ਹੋ, ਅਤੇ ਤੁਹਾਨੂੰ ਅਕਸਰ ਕਿੰਨੀ ਵਾਰ ਭੁਗਤਾਨ ਕੀਤਾ ਜਾਂਦਾ ਹੈ। ਇਹ ਇਸ ਲਈ ਵੀ ਹੈ ਕਿ ਕਿਉਂ ਤੁਹਾਡਾ ਬੋਨਸ ਅਤੇ ***ਹੋਰ ਸਰੋਤਾਂ ਤੋਂ ਆਮਦਨੀ*** ਨੂੰ ਸ਼ਾਮਲ ਕਰਨਾ ਲਾਜ਼ਮੀ ਹੈ ਜੋ ਤੁਹਾਨੂੰ ***ਨਿਯਮਿਤ ਆਧਾਰ ਤੇ*** ਮਿਲਦਾ ਹੈ ਜਾਂ ਮਿਲਣ ਦੀ ਉਮੀਦ ਹੁੰਦੀ ਹੈ ।

ਮੇਰੀ ਬਾਲਗ ਬੇਟੀ ਪੂਰੇ-ਸਮੇਂ ਦੀ ਵਿਦਿਆਰਥਣ ਹੈ ਜੋ ਸਕੂਲ ਤੋਂ ਬਾਅਦ ਕੰਮ ਕਰਦੀ ਹੈ। ਕੀ ਉਸ ਦੀ ਆਮਦਨੀ ਸ਼ਾਮਲ ਹੋਵੇਗੀ?
ਜੇ ਮਾਪੇ ਜਾਂ ਸਰਪ੍ਰਸਤ ਕਿਸੇ 18 ਸਾਲ ਤੋਂ ਜ਼ਿਆਦਾ ਉਮਰ ਦੇ ਵਿਦਿਆਰਥੀ ਲਈ ਆਸ਼ਰਿਤ ਹੋਣ ਦਾ ਦਾਅਵਾ ਕਰਦੇ ਹਨ, ਤਾਂ ਉਸ ਦੀ ਕੇਵਲ $480 ***ਰੁਜ਼ਗਾਰ ਤੋਂ ਆਮਦਨੀ*** ਨੂੰ ਹੀ ਆਮਦਨੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

ਮੈਨੂੰ ਨਕਦ ਭੁਗਤਾਨ ਕੀਤਾ ਜਾਂਦਾ ਹੈ। ਮੈਂ ਕਿਵੇਂ ਸਿੱਧ ਕਰ ਸਕਦਾ ਹਾਂ ਕਿ ਇਹ ਮੇਰੀ ਆਮਦਨੀ ਹੈ?
ਆਪਣੀ ਨਗਦ ਆਮਦਨੀ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ। ਹਰ ਵਾਰ ਜਦੋਂ ਤੁਹਾਨੂੰ ਨਗਦ ਭੁਗਤਾਨ ਕੀਤਾ ਜਾਂਦਾ ਹੈ, ਤਾਂ ਪੈਸਿਆਂ ਦੀ ਰਾਸ਼ੀ, ਤਾਰੀਖ ਅਤੇ ਜਿਸ ਨੇ ਤੁਹਾਨੂੰ ਭੁਗਤਾਨ ਕੀਤਾ ਹੈ, ਨੂੰ ਲਿਖਕੇ ਰੱਖੋ। ਨਕਦ ਭੁਗਤਾਨਾਂ ਦੇ ਇਸ ਰਿਕਾਰਡ ਨੂੰ ਕਿਸੇ ਸੁਰੱਖਿਅਤ ਜਗ੍ਹਾ ਤੇ ਰੱਖੋ।

ਜੇ ਤੁਹਾਡੇ ਕੋਲ ਬੈਂਕ ਖਾਤਾ ਹੈ, ਤਾਂ ਨਕਦੀ ਤੁਰੰਤ ਜਮ੍ਹਾਂ ਕਰਵਾਓ। ਇਹ ਇਸ ਲਈ ਹੈ ਕਿਉਂਕਿ ਬੈਂਕ ਕੋਲ ਰਿਕਾਰਡ ਹੋਵੇਗਾ ਕਿ ਤੁਹਾਨੂੰ ਨਿਯਮਿਤ ਤੌਰ ਤੇ ਭੁਗਤਾਨ ਕੀਤਾ ਜਾਂਦਾ ਸੀ। ਇਹ ਠੀਕ ਹੈ ਜੇ ਤੁਹਾਨੂੰ ਬੈਂਕ ਤੋਂ ਪੈਸੇ ਵਾਪਸ ਕਢਾਉਣ ਦੀ ਲੋੜ ਪੈਂਦੀ ਹੈ। ਤੁਹਾਡਾ ਬੈਂਕ ਸਟੇਟਮੈਂਟ ਅਜੇ ਵੀ ਇਸ ਜਮ੍ਹਾਂ ਰਾਸ਼ੀ ਨੂੰ ਦਿਖਾਏਗਾ।

ਯਾਦ ਰੱਖੋ: ਜੇ ਤੁਹਾਨੂੰ ਇੱਕ ਖਾਸ ਰਾਸ਼ੀ ਤੋਂ ਜ਼ਿਆਦਾ ਨਕਦ ਆਮਦਨੀ ਹੁੰਦੀ ਹੈ, ਤਾਂ ਤੁਹਾਨੂੰ ਆਪਣੀ ਟੈਕਸ ਰਿਟਰਨ ਵਿੱਚ ਇਸ ਦੀ ਰਿਪੋਰਟ ਕਰਨੀ ਜ਼ਰੂਰੀ ਹੈ। ਤੁਹਾਡਾ ਟੈਕਸ ਫਾਰਮ ਦੱਸੇਗਾ ਕਿ ਉਹ ਰਾਸ਼ੀ ਕਿੰਨੀ ਹੈ।

ਮੈਨੂੰ *ਕਦੇ-ਕਦਾਈਂ ਜਾਂ ਸੰਯੋਗਿਕ* ਆਧਾਰ ਤੇ ਭੁਗਤਾਨ ਕੀਤਾ ਜਾਂਦਾ ਹੈ/ ਮੈਂ ਆਪਣੀ ਆਮਦਨੀ ਕਿਵੇਂ ਕੱਢਾਂ?
ਤੁਹਾਡੀ ਸਾਲਾਨਾ ਆਮਦਨੀ ਦੀ ਗਣਨਾ ਕਰਨਾ ਮੁਸ਼ਕਿਲ ਹੋ ਸਕਦਾ ਹੈ ਜੇ ਤੁਹਾਨੂੰ ***ਨਿਯਮਿਤ ਆਧਾਰ*** ਤੇ ਭੁਗਤਾਨ ਨਹੀਂ ਕੀਤਾ ਜਾਂਦਾ। ਕੁਝ ਵਾਧੂ ਪੈਸੇ ਬਣਾਉਣ ਲਈ ਕੁਝ ਵੀਕੇਂਡਸ ਤੇ ਕਿਸੇ ਕੈਟਰਰ ਲਈ ਕੰਮ ਕਰਨਾ, ਦੈਨਿਕ (ਰੋਜ਼ਾਨਾ) ਸਿਹਤਸੰਭਾਲ ਨੌਕਰੀਆਂ, ਅਸਥਾਈ ਨੌਕਰੀਆਂ, ਅਤੇ ਐਕਟਿੰਗ ਦਾ ਕੰਮ ਕਦੇ-ਕਦਾਈਂ ਜਾਂ ਸੰਯੋਗਿਕ ਕੰਮ ਦੀਆਂ ਉਦਾਹਰਨਾਂ ਹੋ ਸਕਦੇ ਹਨ ਜੋ ਤੁਸੀਂ ਕਿਸੇ ਰੁਜ਼ਗਾਰਦਾਤਾ ਲਈ ਕਰਦੇ ਹੋ।

ਕੀ ਤੁਸੀਂ ਪਿਛਲੇ 3 ਸਾਲਾਂ ਦੌਰਾਨ ਕਦੇ-ਕਦਾਈਂ ਜਾਂ ਸੰਯੋਗਿਕ ਆਧਾਰ ਤੇ ਪੈਸੇ ਕਮਾਏ ਹਨ? ਜੇ ਹਾਂ, ਤਾਂ ਉਨ੍ਹਾਂ ਤਿੰਨੇ ਸਾਲਾਂ ਵਿੱਚ ਕਮਾਏ ਪੈਸਿਆਂ ਨੂੰ ਇਕੱਠੇ ਜੋੜੋ ਅਤੇ 3 ਨਾਲ ਵੰਡ ਦਿਓ। ਇਹ ਨੰਬਰ ਉਸ ਕੰਮ ਤੋਂ ਤੁਹਾਡੀ ਔਸਤ ਸਾਲਾਨਾ ਆਮਦਨੀ ਹੁੰਦੀ ਹੈ। ਫੇਰ ਇਸ ਦਾ ਅੰਦਾਜ਼ਾ ਲਗਾਓ ਕਿ ਤੁਸੀਂ ਉਸੇ ਕਿਸਮ ਦੇ ਕੰਮ ਤੋਂ ਇਸ ਸਾਲ ਕਿੰਨਾ ਕਮਾ ਲਓਗੇ। ਇਸ ਨੰਬਰ ਦੀ ਆਪਣੀ ਸਾਲਾਨਾ ਔਸਤ ਨਾਲ ਤੁਲਨਾ ਕਰੋ। ਕਿਹੜਾ ਜ਼ਿਆਦਾ ਹੈ? ਆਪਣੀ ਅਰਜ਼ੀ ਦੇ "ਰੁਜ਼ਗਾਰ ਤੋਂ ਆਮਦਨੀ" ਭਾਗ ਵਿੱਚ ਵੱਡੇ ਨੰਬਰ ਨੂੰ ਵਰਤੋਂ।

ਕੀ ਹੁੰਦਾ ਹੈ ਜੇ ਮੇਰੇ ਦੁਆਰਾ ਅਰਜ਼ੀ ਦੇਣ ਤੋਂ ਬਾਅਦ ਮੇਰੀ ਆਮਦਨੀ ਵਿੱਚ ਬਦਲਾਅ ਹੁੰਦਾ ਹੈ, ਅਤੇ ਫੇਰ ਮੈਨੂੰ *ਮੇਰੇ ਪਰਿਵਾਰ ਦੀ ਯੋਗਤਾ ਦੀ ਪੁਸ਼ਟੀ ਕਰਨ ਲਈ ਅਪਾਇੰਟਮੈਂਟ ਤੇ ਸੱਦਾ ਦਿੱਤਾ ਜਾਂਦਾ ਹੈ*?
ਉਨ੍ਹਾਂ ਸਾਰੇ ਦਸਤਾਵੇਜ਼ਾਂ ਅਤੇ ਰਿਕਾਰਡਾਂ ਨੂੰ ਰੱਖੋ ਜੋ ਤੁਹਾਡੀ ਮੌਜੂਦਾ ਆਮਦਨੀ ਦੀ ਪੁਸ਼ਟੀ ਕਰਦੇ ਹਨ। ਜੇ ਤੁਹਾਡੀ ਆਮਦਨੀ ਬਦਲਦੀ ਹੈ (ਮਿਸਾਲ ਵਜੋਂ, ਨਵੀਂ ਨੌਕਰੀ ਜਾਂ, ਤਰੱਕੀ), ਤਾਂ ਇਹ ਦਿਖਾਉਂਦੇ ਦਸਤਾਵੇਜ਼ਾਂ ਨੂੰ ਨਾਲ ਲਿਆਓ ਕਿ ਭਵਿੱਖ ਵਿੱਚ ਤੁਸੀਂ ਕਿੰਨਾ ਕਮਾਓਗੇ। ਨਿਰਮਾਤਾ ਜਾਂ ਮਾਰਕਿਟਿੰਗ ਏਜੰਟ ਤੁਹਾਡੀ ਆਮਦਨੀ ਦੀ ਮੁੜ-ਗਣਨਾ ਕਰੇਗਾ।

ਸਵੈ-ਰੁਜ਼ਗਾਰ ਤੋਂ ਆਮਦਨੀ

ਮੈਨੂੰ ਕਿਫਾਇਤੀ ਰਿਹਾਇਸ਼ ਲਈ *ਮੇਰੇ ਪਰਿਵਾਰ ਦੀ ਯੋਗਤਾ ਦੀ ਪੁਸ਼ਟੀ ਕਰਨ ਲਈ ਅਪਾਇੰਟਮੈਂਟ* ਲਈ ਸੱਦਾ ਦਿੱਤਾ ਜਾਂਦਾ ਹੈ। ਮੇਰੀ ਸਵੈ-ਰੁਜ਼ਗਾਰ ਤੋਂ ਆਮਦਨੀ ਦੀ ਪੁਸ਼ਟੀ ਲਈ ਮੈਨੂੰ ਕਿਹੜੇ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ?
ਤੁਹਾਨੂੰ ਇਹ ਪੁਸ਼ਟੀ ਕਰਨ ਦੀ ਲੋੜ ਹੋਵੇਗੀ ਕਿ ਤੁਸੀਂ ਅਤੀਤ ਵਿੱਚ ਇਸ ਕਿਸਮ ਦੀ ਨੌਕਰੀ ਤੋਂ ਕਿੰਨੇ ਪੈਸੇ ਬਣਾਏ ਹਨ, ਅਤੇ ਇਸ ਸਾਲ ਕਿੰਨੇ ਪੈਸੇ ਬਣਾਉਣ ਦੀ ਉਮੀਦ ਕਰਦੇ ਹੋ।

ਅਤੀਤ ਵਿਚਲੀ ਆਮਦਨੀ ਦੀ ਪੁਸ਼ਟੀ ਕਰਨ ਲਈ, ਇਸ ਕਿਸਮ ਦੇ ਕੰਮ ਵਿੱਚ ਸਵੈ-ਰੁਜ਼ਗਾਰ ਲਈ ਆਪਣੀਆਂ ਲਗਾਤਾਰ 3 ਸਾਲਾਂ ਦੀਆਂ ਟੈਕਸ ਰਿਟਰਨਾਂ ਲਿਆਓ। ਜੇ ਤੁਹਾਡੇ ਕੋਲ 3 ਸਾਲਾਂ ਦੀ ਨਹੀਂ ਹੈ ਤਾਂ ਤੁਸੀਂ ਪਿਛਲੀਆਂ ਲਗਾਤਾਰ 2 ਸਾਲਾਂ ਦੀ ਜਾਣਕਾਰੀ ਵੀ ਲਿਆ ਸਕਦੇ ਹੋ।

ਇਸ ਸਾਲ ਉਮੀਦ ਕੀਤੀ ਜਾਂਦੀ ਆਮਦਨੀ ਦੀ ਪੁਸ਼ਟੀ ਕਰਨ ਲਈ, ਆਪਣੇ ਲੇਖਾਕਾਰ ਜਾਂ ਵਪਾਰਕ ਮੈਨੇਜਰ ਤੋਂ ਪੱਤਰ, ਵਿੱਤੀ ਸਟੇਟਮੈਂਟ, ਬਜਟ, ਰਸੀਦਾਂ ਜਾਂ ਹੋਰ ਜਾਣਕਾਰੀ ਲਿਆਓ ਜੋ ਉਮੀਦ ਕੀਤੇ ਜਾਂਦੇ ਪੈਸਿਆਂ ਦੀ ਰਾਸ਼ੀ ਦਾ ਸਮਰਥਨ ਕਰੇ।

ਤਾਂ ਕੀ ਜੇ ਮੈਂ ਕਿਸੇ ਇੱਕ ਕਿਸਮ ਦੇ ਕੰਮ ਵਿੱਚ 2 ਤੋਂ ਘੱਟ ਸਾਲਾਂ ਤੋਂ ਸਵੈਨਿਯੋਜਿਤ ਹਾਂ?
ਤੁਹਾਨੂੰ ਇਹ ਦਿਖਾਉਂਦੇ ਹੋਏ ਦਸਤਾਵੇਜ਼ਾਂ ਦੀ ਲੋੜ ਹੋਵੇਗੀ ਕਿ, ਤੁਹਾਡੀ ਅਪਾਇੰਟਮੈਂਟ ਦੀ ਤਾਰੀਖ ਤਕ, ਤੁਸੀਂ ਇਸ ਕਿਸਮ ਦੇ ਕੰਮ ਵਿੱਚ 2 ਜਾਂ ਜ਼ਿਆਦਾ ਸਾਲਾਂ ਤੋਂ ਸਵੈਨਿਯੋਜਿਤ ਹੋ। ਜੇ ਤੁਸੀਂ ਲਗਾਤਾਰ ਪਿਛਲੇ 2 ਸਾਲਾਂ ਲਈ ਇਸ ਜਾਣਕਾਰੀ ਨੂੰ ਦੇਣ ਦੇ ਅਸਮਰੱਥ ਹੁੰਦੇ ਹੋ, ਤਾਂ ਇਸ ਦੀ ਸੰਭਾਵਨਾ ਹੈ ਕਿ ਤੁਸੀਂ ਯੋਗ ਨਹੀਂ ਹੋਵੋਗੇ।

ਭਾਵੇਂ ਜੇ ਤੁਹਾਨੂੰ ਲਗਦਾ ਹੈ ਕਿ ਇਸ ਤਰ੍ਹਾਂ ਦਾ ਮਾਮਲਾ ਹੋ ਸਕਦਾ ਹੈ, ਤਾਂ ਵੀ ਤੁਸੀਂ ਅਜੇ ਵੀ ਅਰਜ਼ੀ ਤੇ ਆਪਣੀ ***ਸਵੈ-ਰੁਜ਼ਗਾਰ ਤੋਂ ਆਮਦਨੀ*** ਨੂੰ ਸ਼ਾਮਲ ਕਰ ਸਕਦੇ ਹੋ। ਕਿਸੇ ਵੀ ਆਮਦਨੀ ਨੂੰ ਨਾ ਛੱਡੋ। ਇਸ ਨੂੰ ਸੁਣਨ ਵਿੱਚ ਕਈ ਮਹੀਨੇ ਲੱਗ ਸਕਦੇ ਹਨ ਕਿ ਕੀ ਤੁਹਾਡਾ ਨੰਬਰ ਲਾਟਰੀ ਵਿੱਚ ਨਿਕਲਿਆ ਹੈ ਕਿ ਨਹੀਂ, ਇਸ ਲਈ ਇਸ ਦੀ ਸੰਭਾਵਨਾ ਹੋ ਸਕਦੀ ਹੈ ਕਿ ਉਸ ਸਮੇਂ ਤੇ ਤੁਹਾਡੇ ਸਵੈ-ਰੁਜ਼ਗਾਰ ਆਮਦਨੀ ਦੇ 2 ਸਾਲ ਹੋ ਜਾਣਗੇ। ਅਪਾਇੰਟਮੈਂਟ ਤੇ ਉਨ੍ਹਾਂ ਦਸਤਾਵੇਜ਼ਾਂ ਨੂੰ ਲਿਆਉਣ ਨੂੰ ਯਕੀਨੀ ਬਣਾਓ ਜੋ ਦਿਖਾਉਂਦੇ ਹਨ ਕਿ ਪਹਿਲਾਂ ਤੋਂ ਹੀ ਇਸ ਕਿਸਮ ਦੇ ਸਵੈ-ਰੁਜ਼ਗਾਰ ਤੋਂ ਕਿੰਨੇ ਪੈਸੇ ਬਣਾਏ ਹਨ ਅਤੇ ਇਸ ਸਾਲ ਕਿੰਨੇ ਪੈਸੇ ਬਣਾ ਲਓਗੇ।

ਉਪਯੋਗੀ ਸ਼ਬਦ

ਉਪਯੋਗੀ ਸ਼ਬਦ

ਆਮਦਨੀ: ਕਮਾਈਆਂ, ਵੇਤਨ, ਭੁਗਤਾਨ ਜਾਂ ਹੋਰ ਪੈਸੇ ਜੋ ਤੁਹਾਨੂੰ ਮਿਲਦੇ ਹਨ।

ਇੱਕ-ਵਾਰ ਭੁਗਤਾਨ: ਉਹ ਆਮਦਨੀ ਜੋ ਅਤੀਤ ਵਿੱਚ ਨਿਯਮਿਤ ਤੌਰ ਤੇ ਨਹੀਂ ਮਿਲੀ ਅਤੇ ਜਿਸ ਦੀ ਤੁਹਾਨੂੰ ਭਵਿੱਖ ਵਿੱਚ ਦੁਬਾਰਾ ਮਿਲਣ ਦੀ ਉਮੀਦ ਨਹੀਂ ਹੈ। ਇਸ ਪੈਸੇ ਨੂੰ ਆਮਦਨੀ ਕੱਢਣ ਲਈ ਸ਼ਾਮਲ ਨਹੀਂ ਕੀਤਾ ਜਾਂਦਾ ਹੈ।

ਸੰਪਤੀਆਂ ਤੋਂ ਵਿਆਜ਼: ਜੇ ਤੁਸੀਂ ਯੋਗਤਾ ਦੀ ਪੁਸ਼ਟੀ ਕਰਨ ਲਈ ਅਪਾਇੰਟਮੈਂਟ ਤੇ ਜਾਂਦੇ ਹੋ, ਤਾਂ ਨਿਰਮਾਤਾ ਜਾਂ ਮਾਰਕਿਟਿੰਗ ਏਜੰਟ ਬੈਂਕ ਖਾਤਿਆਂ ਅਤੇ ਹੋਰ ਨਿਵੇਸ਼ਾਂ ਵਰਗੀਆਂ ਸੰਪਤੀਆਂ ਤੋਂ ਤੁਹਾਡੀ ਵਿਆਜ਼ ਆਮਦਨੀ ਦੀ ਗਿਣਤੀ ਕਰੇਗਾ। ਜੇ ਤੁਹਾਡੀਆਂ ਸਾਰੀਆਂ ਸੰਪਤੀਆਂ ਦਾ ਮੁੱਲ $5,000 ਤੋਂ ਘੱਟ ਹੈ, ਤਾਂ ਉਨ੍ਹਾਂ ਤੋਂ ਕਮਾਇਆ ਗਿਆ ਵਿਆਜ਼ ਤੁਹਾਡੀ ਆਮਦਨੀ ਵਿੱਚ ਜੋੜ ਦਿੱਤਾ ਜਾਂਦਾ ਹੈ। ਜੇ ਤੁਹਾਡੀਆਂ ਸਾਰੀਆਂ ਸੰਪਤੀਆਂ ਦਾ ਮੁੱਲ $5,000 ਤੋਂ ਜ਼ਿਆਦਾ ਹੈ, ਤਾਂ ਉਨ੍ਹਾਂ ਤੋਂ ਕਮਾਇਆ ਗਿਆ ਵਿਆਜ਼ ਜਾਂ ਉਨ੍ਹਾਂ ਦੇ ਮੁੱਲ ਦਾ 0.06% ਤੁਹਾਡੀ ਆਮਦਨੀ ਵਿੱਚ ਜੋੜ ਦਿੱਤਾ ਜਾਂਦਾ ਹੈ, ਜੋ ਵੀ ਜ਼ਿਆਦਾ ਹੁੰਦਾ ਹੈ।

ਸੰਪਤੀਆਂ: ਸੰਪਤੀਆਂ ਉਹ ਕੀਮਤ ਵਾਲੀਆਂ ਆਈਟਮਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਨਗਦੀ ਵਿੱਚ ਬਦਲਿਆ ਜਾ ਸਕਦਾ ਹੈ। ਬਚਤ ਖਾਤਾ ਨਕਦ ਸੰਪਤੀ ਹੈ। ਬੈਂਕ ਸੰਪਤੀ ਤੇ ਵਿਆਜ਼ ਦਿੰਦਾ ਹੈ। ਵਿਆਜ਼ ਉਸ ਸੰਪਤੀ ਤੋਂ ਆਮਦਨੀ ਹੈ। ਹੋਰ ਉਦਾਹਰਨਾਂ: ਸਟਾਕ, ਬਾਂਡ, ਮਿਊਚਲ ਫੰਡ, ਮਨੀ ਮਾਰਕਿਟ ਲੇਖਪੱਤਰ ਹੋਰ ਜਾਣਕਾਰੀ ਲਈ, ਹੇਠਾਂ ***ਸੰਪਤੀਆਂ ਤੋਂ ਵਿਆਜ਼*** ਦੇਖੋ।

ਸਵੈ-ਰੁਜ਼ਗਾਰ ਤੋਂ ਆਮਦਨੀ: ਉਹ ਆਮਦਨੀ ਜੋ ਤੁਸੀਂ ਆਪਣੇ ਖੁਦ ਲਈ, ਆਪਣੇ ਕਾਰੋਬਾਰ ਲਈ ਕੰਮ ਕਰਕੇ, ਜਾਂ ਸੇਵਾਵਾਂ ਪ੍ਰਦਾਨ ਕਰਕੇ ਕਮਾਉਂਦੇ ਹੋ। ਇਸ ਵਿੱਚ ਫ੍ਰੀਲਾਂਸਿੰਗ, ਸੁਤੰਤਰ ਤੌਰ ਤੇ ਠੇਕੇ ਲੈਣਾ ਅਤੇ ਹੋਰ ਭਾੜੇ ਤੇ ਕੰਮ ਕਰਨਾ ਸ਼ਾਮਲ ਹੈ। ਅਰਜ਼ੀ ਤੇ ਸ਼ੁੱਧ ਆਮਦਨੀ ਦੀ ਵਰਤੋਂ ਸਵੈ-ਰੁਜ਼ਗਾਰ ਤੋਂ ਆਮਦਨੀ ਲਈ ਕੀਤੀ ਜਾਂਦੀ ਹੈ। ਜੇ ਤੁਹਾਡੀ ਸ਼ੁੱਧ ਆਮਦਨੀ ਸਾਲ ਵਿੱਚ $400 ਜਾਂ ਇਸ ਤੋਂ ਜ਼ਿਆਦਾ ਹੈ, ਤਾਂ ਤੁਹਾਡਾ ਆਪਣੀ ਅਰਜ਼ੀ ਤੇ ਉਸ ਆਮਦਨੀ ਦਾ ਰਿਪੋਰਟ ਕਰਨਾ ਲਾਜ਼ਮੀ ਹੈ। *ਨੋਟ: ਜੇ ਤੁਹਾਡਾ ਕਾਰੋਬਾਰ ਐਸ-ਕਾਰਪੋਰੇਸ਼ਨ ਹੈ, ਤਾਂ ਕਮਾਏ ਕੁੱਲ W-2 ਵੇਤਨ ਤੋਂ ਇਲਾਵਾ ਸ਼ਡਿਊਲ K-1 ਤੇ ਰਿਪੋਰਟ ਕੀਤੀ ਕੁੱਲ ਵਪਾਰਕ ਆਮਦਨੀ ਦੀ ਵਰਤੋਂ ਕੀਤੀ ਜਾਂਦੀ ਹੈ।*

ਸਾਲਾਨਾ ਆਮਦਨੀ: ਉਹ ਪੈਸੇ ਜੋ ਤੁਹਾਨੂੰ ਇੱਕ ਸਾਲ ਵਿੱਚ ਮਿਲਦੇ ਹਨ, ਰੁਜ਼ਗਾਰ, ਸਵੈ-ਰੁਜ਼ਗਾਰ ਤੋਂ ਸ਼ੁੱਧ ਆਮਦਨੀ ਅਤੇ ਹੋਰ ਸਰੋਤਾਂ ਤੋਂ ਆਮਦਨੀ ਤੋਂ ਕੁੱਲ ਆਮਦਨੀ ਦੀ ਗਿਣਤੀ ਕੀਤੀ ਜਾਂਦੀ ਹੈ।

ਸੁਤੰਤਰ ਠੇਕੇਦਾਰ: ਕੋਈ ਵਿਅਕਤੀ ਜਾਂ ਕਾਰੋਬਾਰ ਜਿਸ ਨੂੰ ਹੋਰ ਲੋਕ ਲੋੜ ਪੈਣ ਤੇ ਕਿਸੇ ਖਾਸ ਕਿਸਮ ਦੇ ਕੰਮ ਕਰਵਾਉਣ ਲਈ ਭਾੜੇ ਤੇ ਬੁਲਾਉਂਦੇ ਹਨ। ਆਮ ਤੌਰ ਤੇ ਠੇਕੇਦਾਰ ਤੇ ਉਸ ਨੂੰ ਬੁਲਾਉਣ ਵਾਲਾ ਵਿਅਕਤੀ ਵਿੱਚ ਇਕਰਾਰਨਾਮਾ ਜਾਂ ਇਕਰਾਰ ਹੁੰਦਾ ਹੈ।

ਸ਼ੁੱਧ ਆਮਦਨੀ: ਟੈਕਸ, ਖਰਚਿਆਂ ਅਤੇ ਹੋਰ ਕਟੌਤੀਆਂ ਨੂੰ ਘਟਾਉਣ ਤੋਂ ਬਾਅਦ ਪ੍ਰਾਪਤ ਹੋਈ ਆਮਦਨੀ ਦੀ ਰਾਸ਼ੀ। ਸ਼ੁੱਧ ਆਮਦਨੀ ਨੂੰ ਸਵੈ-ਰੁਜ਼ਗਾਰ ਤੋਂ ਆਮਦਨੀ ਦੀ ਗਿਣਤੀ ਕਰਨ ਲਈ ਵਰਤਿਆ ਜਾਂਦਾ ਹੈ।

ਹੋਰ ਸਰੋਤਾਂ ਤੋਂ ਆਮਦਨੀ: ਉਹ ਆਮਦਨੀ ਜੋ ਤੁਸੀਂ ਨਿਯਮਿਤ ਆਧਾਰ ਤੇ ਪ੍ਰਾਪਤ ਕਰਦੇ ਹੋ ਜੋ ਕਿਸੇ ਨੌਕਰੀ ਤੋਂ ਨਹੀਂ ਹੁੰਦੀ। ਉਦਾਹਰਨ ਲਈ, ਸਮਾਜਿਕ ਸੁਰੱਖਿਆ ਜਾਂ ਵੈਟਰਨਸ ਫਾਇਦੇ, ਜਨਤਕ ਸਹਾਇਤਾ, ਜਾਂ ਬੱਚੇ ਲਈ ਸਹਾਇਤਾ।

ਕਦੇ-ਕਦਾਈਂ ਜਾਂ ਸੰਯੋਗਿਕ ਆਮਦਨੀ: ਆਵਰਤੀ ਆਮਦਨੀ ਜਿਸ ਦਾ ਸਿਲਸਿਲੇਵਾਰ ਜਾਂ ਉਮੀਦ ਕੀਤੀ ਸਮਾਂ ਅਵਧੀ ਤੇ ਭੁਗਤਾਨ ਨਹੀਂ ਕੀਤਾ ਹੁੰਦਾ ਹੈ। ਅਸਥਾਈ ਨੌਕਰੀਆਂ, ਮਿਆਦੀ ਕੰਮ ਜਾਂ ਐਕਟਿੰਗ ਦਾ ਕੰਮ ਕਦੇ-ਕਦਾਈਂ ਜਾਂ ਸੰਯੋਗਿਕ ਆਧਾਰ ਤੇ ਆਵਰਤੀ ਆਮਦਨੀ ਦੀਆਂ ਉਦਾਹਰਨਾਂ ਹੋ ਸਕਦੇ ਹਨ।

ਕਿਫਾਇਤੀ ਰਿਹਾਇਸ਼ ਇੱਕ ਖਾਸ ਰਾਸ਼ੀ ਤੋਂ ਘੱਟ ਆਮਦਨੀ ਵਾਲੇ ਲੋਕਾਂ ਲਈ ਨਿਊ ਯਾਰਕ ਸ਼ਹਿਰ ਵਿੱਚ ਰਿਹਾਇਸ਼ ਆਮ ਤੌਰ ਤੇ, ਰਿਹਾਇਸ਼ ਨੂੰ ਉਦੋਂ "ਕਿਫਾਇਤੀ" ਕਿਹਾ ਜਾਂਦਾ ਹੈ, ਜਦੋਂ ਕੋਈ ਵਿਅਕਤੀ ਕਿਰਾਏ ਜਾਂ ਘਰ ਦੀਆਂ ਲਾਗਤਾਂ ਲਈ ਆਪਣੀ ਲਗਭਗ ਇੱਕ-ਤਿਹਾਈ ਆਮਦਨੀ ਤਕ ਭੁਗਤਾਨ ਕਰਦਾ ਹੈ।

ਕੁੱਲ ਆਮਦਨੀ: ਕੋਈ ਵੀ ਟੈਕਸ ਕੱਟਣ ਤੋਂ ਪਹਿਲਾਂ, ਨੌਕਰੀਆਂ ਜਾਂ ਹੋਰ ਸਰੋਤਾਂ ਤੋਂ ਤੁਹਾਡੀ ਸਾਲਾਨਾ (ਵਾਰਸ਼ਿਕ) ਕੁੱਲ ਕਮਾਈ, ਵੇਤਨ, ਅਦਾਇਗੀਆਂ ਜਾਂ ਹੋਰ ਕੋਈ ਪੈਸੇ ਜੋ ਤੁਹਾਨੂੰ ਮਿਲਦੇ ਹਨ ਇਹ ਅਕਸਰ ਤੁਹਾਡੀ ਘਰ ਲਿਆਈ ਤਨਖਾਹ ਤੋਂ ਜ਼ਿਆਦਾ ਹੁੰਦੀ ਹੈ। ਜ਼ਿਆਦਾਤਰ ਲੋਕ ਆਪਣੀਆਂ ਅਰਜ਼ੀਆਂ ਤੇ ਕੁੱਲ ਆਮਦਨੀ ਦਰਜ਼ ਕਰਦੇ ਹਨ। ਉਹ ਲੋਕ ਜੋ ਸਵੈਨਿਯੋਜਿਤ ਹੁੰਦੇ ਹਨ ਉਹ ਇਸ ਦੀ ਬਜਾਏ ਸਵੈ-ਰੁਜ਼ਗਾਰ ਤੋਂ ਸ਼ੁੱਧ ਆਮਦਨੀ ਦਰਜ਼ ਕਰਦੇ ਹਨ।

ਗਿਫਟ (ਉਪਹਾਰ) ਤੋਂ ਆਮਦਨੀ: ਉਨ੍ਹਾਂ ਲੋਕਾਂ ਤੋਂ ਨਿਯਮਿਤ ਆਧਾਰ ਤੇ ਪ੍ਰਾਪਤ ਆਮਦਨੀ ਜੋ ਤੁਹਾਡੇ ਨਾਲ ਨਹੀਂ ਰਹਿੰਦੇ ਹਨ। ਉਦਾਹਰਨ ਲਈ: ਤੁਹਾਡੇ ਮਾਪੇ ਹਰ ਮਹੀਨੇ ਤੁਹਾਡੀਆਂ ਲੋੜਾਂ (ਯੂਟਿਲਟੀਆਂ) ਲਈ ਭੁਗਤਾਨ ਕਰਦੇ ਹਨ, ਜਾਂ ਕੋਈ ਦੋਸਤ ਜਾਂ ਰਿਸ਼ਤੇਦਾਰ ਕਰਿਆਨੇ ਦਾ ਸਮਾਨ ਖਰੀਦਣ ਲਈ ਅਤੇ ਹੋਰ ਖਰਚਿਆਂ ਲਈ ਨਿਯਮਿਤ ਤੌਰ ਤੇ ਤੁਹਾਨੂੰ ਚੈੱਕ ਭੇਜਦਾ ਹੈ। ਗਿਫਟ ਤੋਂ ਆਮਦਨੀ ਨਗਦੀ ਵਿੱਚ ਹੋ ਸਕਦੀ ਹੈ, ਪਰ ਜ਼ਰੂਰੀ ਨਹੀਂ ਹੈ।

ਨਿਯਮਿਤ ਆਧਾਰ/ਨਿਯਮਿਤ ਤੌਰ ਤੇ ਜੇ ਤੁਹਾਨੂੰ ਕਿਸੇ ਵੀ ਸਰੋਤ ਤੋਂ ਨਿਯਮਿਤ ਆਧਾਰ ਤੇ ਜਾਂ "ਨਿਯਮਿਤ ਤੌਰ ਤੇ" ਆਮਦਨੀ ਪ੍ਰਾਪਤ ਹੁੰਦੀ ਹੈ, ਤਾਂ ਇਸ ਦਾ ਮਤਲਬ ਹੈ ਕਿ ਤੁਹਾਨੂੰ ਸਿਲਸਿਲੇਵਾਰ ਜਾਂ ਉਮੀਦ ਕੀਤੀ ਸਮਾਂ ਅਵਧੀ ਤੇ ਭੁਗਤਾਨ ਕੀਤਾ ਜਾਂਦਾ ਹੈ। ਹਰ ਰੋਜ਼, ਹਰ ਹਫਤੇ, ਹਰ 2 ਹਫਤਿਆਂ ਬਾਅਦ, ਮਹੀਨੇ ਵਿੱਚ ਦੋ ਵਾਰ, ਮਹੀਨੇ ਵਿੱਚ ਇੱਕ ਵਾਰ, ਹਰ ਤਿਮਾਹੀ ਤੇ ਜਾਂ ਹਰ ਸਾਲ ਭੁਗਤਾਨ ਕੀਤੀ ਆਮਦਨੀ ਨਿਯਮਿਤ ਆਧਾਰ ਤੇ ਭੁਗਤਾਨ ਕੀਤੀ ਆਮਦਨੀ ਦੀਆਂ ਉਦਾਹਰਨਾਂ ਹਨ।

ਪਾਤਰਯੋਗ/ਯੋਗਤਾ: ਕਿਫਾਇਤੀ ਰਿਹਾਇਸ਼ ਦਦੇ ਅਤੇ ਯੋਗ ਹੋਣ ਲਈ ਤੁਹਾਡੀ ਆਮਦਨੀ ਕੁਝ ਸੀਮਾਵਾਂ ਵਿਚਕਾਰ ਹੋਣੀ ਚਾਹੀਦੀ ਹੈ ਅਤੇ ਅਰਜ਼ੀ ਦੀਆਂ ਦੂਸਰੀਆਂ ਜ਼ਰੂਰਤਾਂ ਨੂੰ ਪੂਰਾ ਕਰਦੀ ਹੋਣੀ ਚਾਹੀਦੀ ਹੈ। ਦੂਸਰੀਆਂ ਜ਼ਰੂਰਤਾਂ ਵਿੱਚ ਤੁਹਾਡੀ ਆਮਦਨੀ ਨੂੰ ਸਿੱਧ ਕਰਨ ਲਈ ਦਸਤਾਵੇਜ਼ ਪ੍ਰਦਾਨ ਕਰਨੇ ਅਤੇ ਕ੍ਰੈਡਿਟ ਅਤੇ ਪਿਛੋਕੜ ਜਾਂਚ ਪਾਸ ਕਰਨਾ ਸ਼ਾਮਲ ਹੈ। ਜੇ ਤੁਸੀਂ ਅਤੇ ਉਹ ਲੋਕ ਜੋ ਤੁਹਾਡੇ ਨਾਲ ਰਹਿਣਗੇ, ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ, ਤਾਂ ਤੁਸੀਂ ਯੋਗ ਹੁੰਦੇ ਹੋ।

ਯੋਗਤਾ ਦੀ ਪੁਸ਼ਟੀ ਕਰਨ ਲਈ ਅਪਾਇੰਟਮੈਂਟ: ਅਰਜ਼ੀ ਦੀ ਅੰਤਿਮ ਤਾਰੀਖ ਤੋਂ ਬਾਅਦ, ਸਾਰੀਆਂ ਅਰਜ਼ੀਆਂ ਨੂੰ ਬੇਤਰਤੀਬੇ ਕ੍ਰਮ ਵਿੱਚ ਰੱਖਿਆ ਜਾਂਦਾ ਹੈ। ਸੂਚੀ ਦੇ ਸਿਖਰ ਤੋਂ ਸ਼ੁਰੂ ਕਰਕੇ, ਅਰਜ਼ੀਆਂ ਦੀ ਸਮੀਖਿਆ ਕੀਤੀ ਜਾਂਦੀ ਹੈ ਅਤੇ ਜੇ ਉਹ ਯੋਗ ਲਗਦੀਆਂ ਹਨ, ਤਾਂ ਸਕ੍ਰੀਨਿੰਗ ਪ੍ਰਕਿਰਿਆ ਨੂੰ ਜਾਰੀ ਰੱਖਣ ਲਈ ਬਿਨੈਕਾਰਾਂ ਨੂੰ ਅਪਾਇੰਟਮੈਂਟ ਲਈ ਬੁਲਾਇਆ ਜਾਂਦਾ ਹੈ। ਜੇ ਤੁਹਾਨੂੰ ਅਪਾਇੰਟਮੈਂਟ ਲਈ ਸੱਦਾ ਦਿੱਤਾ ਗਿਆ ਹੈ, ਤਾਂ ਤੁਹਾਨੂੰ ਆਪਣੀ ਆਮਦਨੀ ਦੀ ਪੁਸ਼ਟੀ ਕਰਨ ਲਈ ਦਸਤਾਵੇਜ਼ਾਂ ਨੂੰ ਲਿਆਉਣਾ ਪਵੇਗਾ।

ਰੁਜ਼ਗਾਰ ਤੋਂ ਆਮਦਨੀ: ਕਿਸੇ ਰੁਜ਼ਗਾਰਦਾਤਾ (ਨਾ ਕਿ ਖੁਦ ਲਈ) ਕੀਤੇ ਕੰਮ ਤੋਂ ਆਮਦਨੀ। ਕੁੱਲ ਆਮਦਨੀ ਨੂੰ ਰੁਜ਼ਗਾਰ ਤੋਂ ਆਮਦਨੀ ਦੀ ਰਿਪੋਰਟ ਕਰਨ ਲਈ ਵਰਤਿਆ ਜਾਂਦਾ ਹੈ।

ਵਿਦਿਆਰਥੀ: ਇੱਕ ਕੈਲੰਡਰ ਸਾਲ ਵਿੱਚ 5 ਮਹੀਨਿਆਂ ਲਈ ਪੂਰੇ-ਸਮੇਂ ਲਈ ਵਿਦਿਆਰਥੀ ਦੇ ਦਰਜੇ ਵਾਲਾ ਵਿਅਕਤੀ (ਵਿਅਕਤੀ ਦੇ ਸਕੂਲ ਅਨੁਸਾਰ)। ਜ਼ਰੂਰੀ ਨਹੀਂ ਕਿ 5 ਮਹੀਨੇ ਲਗਾਤਾਰ ਹੋਣ। ਪੂਰੇ-ਸਮੇਂ ਦੇ ਆਸ਼ਰਿਤ ਵਿਦਿਆਰਥੀ ਦੀ ਸਿਰਫ $480 ਰੁਜ਼ਗਾਰ ਤੋਂ ਆਮਦਨੀ ਨੂੰ ਹੀ ਆਮਦਨੀ ਦੀ ਗਣਨਾ ਕਰਨ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

NYC Housing Connect

www.nyc.gov/housingconnect

ਕਿਫਾਇਤੀ ਰਿਹਾਇਸ਼ ਨੂੰ ਲੱਭੋ ਅਤੇ ਅਰਜ਼ੀ ਦਿਓ

NYC Department of Housing Preservation & Development

NYC HDC New York City Housing Development Corporation

facebook.com/NYCHPD

@nychousing

www.nyc.gov/housingconnect
www.nyc.gov/hpd

ਹੋਰ ਜਾਣਕਾਰੀ ਜਾਂ ਆਨਲਾਈਨ ਅਰਜ਼ੀ ਦੇਣ ਲਈ www.nyc.gov/housingconnect ਤੇ ਜਾਓ।

ਇਹ ਦਸਤਾਵੇਜ਼ ਕੇਵਲ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਇਹ ਕਿਫਾਇਤੀ ਰਿਹਾਇਸ਼ ਲਈ ਅਰਜ਼ੀ ਨਹੀਂ ਹੈ। ਇਸ ਦਸਤਾਵੇਜ਼ ਨੂੰ ਭਰਨ ਨਾਲ ਇਹ ਗਰੰਟੀ ਨਹੀਂ ਹੁੰਦੀ ਕਿ ਤੁਹਾਨੂੰ ਕਿਫਾਇਤੀ ਘਰ ਮਿਲ ਜਾਵੇਗਾ।